1920 ਤੋਂ

ਜਿਲਦ 106
ਨੰਬਰ 10

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੯ ਜੇਠ ਤੋਂ ੧ ਹਾੜ ੨੦੮੩ ਬਿ.
01 to 15 June 2026

# ਸਤਿਜੁਗ

ਵਿਚਾਰਾਂ ਦੀ ਰੌਸ਼ਨੀ, ਜੀਵਨ ਦੀ ਪ੍ਰੇਰਨਾ



**ਸ੍ਰੀ ਸਤਿਗੁਰੂ ਜੀ** *ਨੇ*
**ਗਵਰਨਰ ਪੰਜਾਬ**
**ਗੁਲਾਬ ਚੰਦ ਕਟਾਰੀਆ**
*ਨੂੰ ਦਰਸ਼ਨ ਦੇ ਕੇ*
**ਨਿਵਾਜਿਆ**
*7 ਮਈ 2026*



10/-

# ਸ੍ਰੀ ਸਤਿਗੁਰੂ ਜੀ ਲੁਧਿਆਣਾ ਦੀ ਸਾਧ ਸੰਗਤ ਨੂੰ ਨਿਵਾਜ਼ਦੇ ਹੋਏ























# ਸਤਿਜੁਗ

੧੯ ਜੇਠ ਤੋਂ ੧ ਹਾੜ ੨੦੮੩ ਬਿ.
1 ਤੋਂ 15 ਜੂਨ 2026 ਈ.
ਜਿਲਦ 106, ਨੰਬਰ 10

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***

# ਤਤਕਰਾ

* ਸੰਪਾਦਕੀ........................................................4
* ਗੁਰਬਾਣੀ ਵਿਆਖਿਆ.............................................6
* ਇਤਿਹਾਸ ਦੀ ਪੈੜ ਵਿੱਚ ਗੁਰਮਤਿ ਅਨੰਦ ਵਿਆਹ ਦੀ ਅਰੰਭਤਾ
  ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)......................8
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ................................15
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ............................18
* **Satguru Ram Singh Ji: Founder of the Kuka Movement and Architect of Spiritual National Awakening**
  **S. Suwarn Singh Virk.......................................21**
* **MURDER OFBEEF BUTCHERS BY KUKAS**
  **Dr. Gurdev Singh Sidhu..................................32**
* ਕਾਵਿ – ਕਿਆਰੀ...........................................................36
* ਸੁੱਚੇ-ਮੋਤੀ..................................................................37
* ਖ਼ਬਰਨਾਮਾ.....................................................38
* ਸਤਿਜੁਗ ਸਹਾਇਤਾ.............................................42

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਜੂਨ ਦਾ ਮਹੀਨਾ ਨਾਮਧਾਰੀ ਇਤਿਹਾਸ ਦੇ ਬਹੁਤ ਸੁਨਹਿਰੀ ਵਰਕੇ ਸੰਭਾਲ ਕੇ ਬੈਠਾ ਹੈ। ਇਸ ਮਹੀਨੇ ਦੀ ਆਰੰਭਤਾ ਨਾਲ ਹੀ ਨਵੇਂ ਤਾਰੀਖ਼ੀ ਕਾਰਜ ਹੋਏ। 1 ਜੂਨ 1863 ਈ. ਪਿੰਡ ਸਿਆੜ੍ਹ ਜ਼ਿਲ੍ਹਾ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ। ਔਰਤ ਨੂੰ ਮਰਦਾਂ ਬਰਾਬਰ ਪੰਜ ਕਕਾਰ ਅਤੇ ਮਰਿਆਦਾ ਰੱਖਣ ਦਾ ਹੁਕਮ ਹੋਇਆ। ਔਰਤ ਦੀ ਹੋਣੀ ਸਦੀਆਂ ਤੋਂ ਸਮਾਜ ਵਿਚ ਬੜੀ ਤਰਸ ਯੋਗ ਰਹੀ ਹੈ। ਸਮੇਂ-ਸਮੇਂ 'ਤੇ ਮਹਾਂਪੁਰਖਾਂ, ਪੈਗੰਬਰਾਂ, ਗੁਰੂਆਂ, ਵਲੀਆਂ ਨੇ ਇਸ ਦੇ ਹੱਕ ਵਿਚ ਨਾਹਰਾਂ ਮਾਰਿਆ ਪਰ ਜ਼ਮੀਨੀ ਹਕੀਕਤ ਨਹੀਂ ਬਦਲੀ। ਇਸ ਕਰਕੇ ਸ਼ਿਵ ਨੇ ਕਿਹਾ ਸੀ–

ਔਰਤ ਤਾਂ ਇਕ ਪੰਛੀ ਹੈ
ਜਿਸ ਨੂੰ ਸੋਨੇ ਦੇ ਪਿੰਜਰੇ ਵਿਚ
ਮੁੱਠ ਸਾਰੀ ਥੱਸ ਕੰਙਣੀ ਪਾ ਕੇ
ਟੰਗ ਦਿੱਤਾ ਹੈ ਜਾਂਦਾ
ਉਹਲੇ ਕੰਧੀਆਂ।

ਯੁੱਗ ਬਦਲੇ ਪਿੰਜਰਾ ਲੱਕੜ, ਲੋਹੇ ਅਤੇ ਸੋਨੇ ਦਾ ਹੋਇਆ ਪਰ ਆਜ਼ਾਦੀ ਦੀ ਉਡਾਣ ਨਾ ਮਿਲੀ। ਇਹ ਗੱਲ ਬਿਲਕੁੱਲ ਸੱਚ ਹੈ ਕਿ ਇਸਤਰੀਆਂ ਨੂੰ ਇਤਿਹਾਸ ਵਿਚ ਜੇ

ਕਿਤੇ ਕੋਈ ਬਰਾਬਰਤਾ ਹਾਸਲ ਹੋਈ ਹੈ ਤਾਂ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਦੇ ਉਪਕਾਰ ਸਦਕਾ। ਆਪ ਨੇ ਉਹ ਹਰ ਰੀਤੀ ਅਤੇ ਨੀਵੀਂ ਸੋਚ ਨੂੰ ਫਿਟਕਾਰਿਆ ਜੋ ਔਰਤ ਦੇ ਖਿਲਾਫ਼ ਸੀ। ਆਪ ਨੇ ਕਿਹਾ ਦੇਸ ਆਜ਼ਾਦੀ ਤੋਂ ਪਹਿਲਾਂ ਸਾਡੇ ਘਰਾਂ ਵਿਚ ਗੁਲਾਮ ਹੋਈਆਂ ਇਸਤਰੀਆਂ ਨੂੰ ਆਜ਼ਾਦ ਕਰਾਉਣਾ ਜ਼ਰੂਰੀ ਹੈ। ਜੋ ਸਮਾਜ ਧੀਆਂ ਦੇ ਪੈਸੇ ਲੈ ਕੇ ਉਹਨਾਂ ਨੂੰ ਕੁਰੂਪ, ਬੁੱਢੇ, ਅਪੰਗ ਨਾਲ ਤੋਰ ਦਿੰਦਾ ਸੀ ਉਸ ਦਾ ਵਿਰੋਧ ਕੀਤਾ, ਅਜੋੜ ਵਿਆਹਾਂ ਕਾਰਨ ਜਿਥੇ ਇਸਤਰੀ ਦੀ ਸਾਰੀ ਜ਼ਿੰਦਗੀ ਨਰਕ ਬਣ ਜਾਂਦੀ ਸੀ ਉਸ ਨੂੰ ਰੋਕਿਆ। ਵਾਰ-ਵਾਰ ਹੁਕਮ ਕੀਤਾ-

"ਹੋਰ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬਡਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪ ਹੈ ਜੋ ਲੜਕੀਆਂ ਮੈ ਬਹੁਤ ਈ ਗੁਣ ਹੈਨ, ਅਨੇਕ ਤਰ੍ਹਾਂ ਦੇ ਸੁਖ ਦਿੰਦੀਆਂ ਹੈਨ ਇਸਤਰੀਆਂ।

(ਹੁਕਮਨਾਮਾ -28)

ਜੰਮਦੀਆਂ ਕੁੜੀਆਂ ਨੂੰ ਬਚਾਉਣ ਤੋਂ ਲੈ ਕੇ ਉਹਨਾਂ ਦੇ ਸੁਨਹਿਰੀ ਭਵਿੱਖ ਲਈ ਆਪ ਨੇ ਪੁਰਜ਼ੋਰ ਯਤਨ ਕੀਤਾ। ਹੋਸ਼ ਆਉਂਦੀ ਦੇ ਨਾਲ ਅੱਖਰ ਪੜ੍ਹਾਉਣ ਦੀ ਵਕਾਲਤ। ਇਥੋਂ ਤੱਕ ਕਿ ਜੇ ਕੋਈ ਘਰ ਕੁੜੀ ਮਾਰਦਾ, ਵੇਚਦਾ, ਵੱਟਾ ਕਰਦਾ ਹੈ, ਤਾਂ ਉਸ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ।

ਸਾਡਾ ਸਮਾਜ ਅੱਜ ਤੱਕ ਧੀਆਂ ਨੂੰ ਬੋਝ ਸਮਝਦਾ ਹੈ। ਉਸ ਦਾ ਵੱਡਾ ਕਾਰਨ ਹੈ ਸਾਡੀਆਂ ਖਰਚੀਲੀਆਂ ਰਸਮਾਂ ਜੋ ਮਾਪਿਆਂ ਨੂੰ ਧੀਆਂ ਤੋਰਨ ਵੇਲੇ ਕਰਨੀਆਂ ਪੈਂਦੀਆਂ ਹਨ ਭਾਵ ਸਾਡੇ ਖਰਚੀਲੇ ਵਿਆਹ। ਸਤਿਗੁਰੂ ਜੀ ਇਕ ਜੂਨ ਨੂੰ ਅੰਮ੍ਰਿਤ ਛਕਾਇਆ ਬਰਾਬਰਤਾ ਕਾਇਮ ਕੀਤੀ ਓਥੇ ਤਿੰਨ ਜੂਨ ਨੂੰ ਪਿੰਡ ਖੋਟੇ ਛੇ ਅੰਤਰ ਜਾਤੀ ਅਨੰਦ ਕਾਰਜ ਕੀਤੇ। ਸਾਡੀਆਂ ਸਾਰੀਆਂ ਸਮਾਜਿਕ ਰਸਮਾਂ ਪੰਡਿਤ ਕਰਦੇ ਸੀ, ਪਹਿਲਾਂ ਸਾਹਾ ਕੱਢੋ, ਫਿਰ ਸ਼ੁਭ ਤਰੀਖ, ਘੜੀ, ਤੇ ਸੈਂਕੜੇ ਉਲਝਣਾ ਤਾਂ ਕਿ ਜਜਮਾਨ ਪੈਸੇ ਤਾਰਨ ਲਈ ਤਿਆਰ ਹੋ ਜਾਵੇ। ਇਨ੍ਹਾਂ ਰਾਹੂ ਕੇਤੂ ਦੇ ਡਰਾਵੇ ਕਾਰਨ ਆਮ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਸੀ। ਸਤਿਗੁਰੂ ਜੀ ਕ੍ਰਾਂਤੀਕਾਰੀ ਕਦਮ ਪੁੱਟਦਿਆਂ ਇਨ੍ਹਾਂ ਸਭ ਰਸਮਾਂ ਰਿਵਾਜਾਂ ਤੋਂ ਛੁਟਕਾਰਾ ਦਿਵਾਇਆ। ਪੰਡਤਾ ਨੇ ਬਹੁਤ ਵਿਰੋਧ ਕੀਤਾ ਪਰ ਸਤਿਗੁਰੂ ਜੀ ਕਿਹਾ ਅਸੀਂ ਤੁਹਾਨੂੰ ਸਾਡੀਆਂ ਰੀਤਾਂ ਕਰਨ ਦਾ ਹੱਕ ਨਹੀਂ ਦਿੰਦੇ। ਕੋਈ ਇਕ ਜਾਤ, ਇਕ ਫਿਰਕਾ ਸਮਾਜ ਵਿਚ ਪੂਜਣਯੋਗ ਨਾ ਬਣ ਬੈਠੇ। ਗੁਰਮਤਿ ਸਾਨੂੰ ਸਾਰਿਆਂ ਨੂੰ ਇਹ ਹੱਕ ਦਿੰਦੀ ਹੈ ਕਿ ਤੁਸੀਂ ਆਪਣਾ ਕਰਮ ਧਰਮ ਕਰੋ, ਤੁਹਾਨੂੰ ਕਿਸੇ ਵਿਚੋਲੇ ਦੀ ਜ਼ਰੂਰਤ ਨਹੀਂ। ਸਿੱਖ ਇਕੱਤਰ ਹੋਣ ਤੇ ਅੰਮ੍ਰਿਤ ਤਿਆਰ ਕਰ ਮਾਈ, ਭਾਈ ਬਿਨਾਂ ਵਿਤਕਰੇ ਛੱਕਣ ਅਤੇ ਹਰ ਸਮਾਜਿਕ ਰਸਮ ਬਿਨਾ ਆਡੰਬਰ ਤੋਂ ਕਰਨ। ਮਰਨੇ, ਪਰਨੇ ਦੀਆਂ ਰਸਮਾਂ ਸਿੱਖ ਆਪੇ ਕਰਨ। ਸਦੀਆਂ ਤੋਂ ਸਮਾਜ 'ਤੇ ਗਲਬਾ ਪਾ ਕੇ ਬੈਠੇ ਬਾਹਮਣਾ ਨੂੰ ਸਿੱਖ ਸੰਸਕਾਰਾਂ ਤੋਂ ਬਾਹਰ ਕੀਤਾ।

ਤੀਸਰਾ 10 ਜੂਨ ਦੇਸ ਆਜ਼ਾਦੀ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਸੂਬਾ ਸਾਹਿਬ ਸਿੰਘ ਜੀ ਦਾ ਦਿਨ ਹੈ। ਸੂਬਾ ਸਾਹਿਬ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਬਹੁਤ ਅਹਿਮ ਸੂਬੇ ਸਨ। ਪਹਿਲੇ ਪੰਜਾ ਵਿਚੋਂ ਇਕ। ਅੰਗਰੇਜ਼ ਸਰਕਾਰ ਇਨ੍ਹਾਂ ਨੂੰ ਸਤਿਗੁਰੂ ਜੀ ਦਾ ਉੱਤਰਾਧਿਕਾਰੀ ਆਖਦੀ ਸੀ ਤੇ ਆਪਣੇ ਰਾਜ ਲਈ ਖ਼ਤਰਨਾਕ ਸੋਚ ਵਾਲਾ ਸਮਝਦੀ ਸੀ। ਨਾਮਧਾਰੀ ਡਾਕ ਮਹਿਕਮੇ ਤੇ ਮੁੱਖੀ ਸੂਬਾ ਸਾਹਿਬ ਸਿੰਘ ਨੇ ਇਕ ਚਿੱਠੀ ਵੀ ਅੰਗਰੇਜ਼ ਹੱਥ ਨਹੀਂ ਆਉਣ ਦਿੱਤੀ। ਇਸ ਕੁਸ਼ਲ ਪ੍ਰਬੰਧ ਦੀ ਸਿਫ਼ਤ ਅੰਗਰੇਜ਼ੀ ਅਫ਼ਸਰਾਂ ਨੇ ਵੀ ਕੀਤੀ। ਦੇਸ ਆਜ਼ਾਦੀ ਲਈ ਸ੍ਰੀ ਭੈਣੀ ਸਾਹਿਬ ਦੇ ਰਾਜਦੂਤ ਬਣ ਨੇਪਾਲ ਨਾਲ ਸੰਪਰਕ ਸਥਾਪਿਤ ਕਰਨ ਗਏ। 18 ਜਨਵਰੀ 1872 ਈ. ਨੂੰ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਜੀ ਨਾਲ ਗੱਡੇ ਵਿਚ ਬੈਠ ਜਲਾਵਤਨ ਹੋਣ ਵਾਲੇ ਸੂਬਾ ਜਵਾਹਰ ਸਿੰਘ, ਨਾਨੂੰ ਸਿੰਘ ਤੇ ਤੀਸਰੇ ਆਪ ਸੀ। ਸਾਲ ਭਰ ਇਲਾਹਾਬਾਦ ਰਹੇ ਫਿਰ ਯਮਨ ਦੇਸ ਦੀ ਰਾਜਧਾਨੀ ਅਦਨ ਭੇਜ ਦਿੱਤਾ ਜਿਥੇ ਦੋ ਸਾਲ ਰਹੇ। ਓਥੋਂ ਦੇ ਵਾਤਾਵਰਨ ਕਾਰਨ ਸਿਹਤ ਖ਼ਰਾਬ ਹੋ ਗਈ ਫਿਰ ਆਪ ਨੂੰ ਸੂਬਾ ਕਾਹਨ ਸਿੰਘ ਜੀ ਸਮੇਤ 1875 ਈ. ਨੂੰ ਹਜ਼ਾਰੀ ਬਾਗ਼ ਜੇਲ ਵਿਚ ਲੈ ਆਂਦਾ। ਇਸ ਜੇਲ ਵਿਚ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਸਹਿੰਦੇ ਹੋਏ 10 ਜੂਨ 1879 ਈ. ਨੂੰ ਸ਼ਹਾਦਤ ਪ੍ਰਾਪਤ ਕਰ ਗਏ।

..............................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਮਃ ੨॥**

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥**

ਯੋਗ ਦਾ ਧਰਮ ਗਿਆਨ ਪ੍ਰਾਪਤੀ ਹੈ, ਬ੍ਰਾਹਮਣ ਦਾ ਧਰਮ ਵੇਦ ਦੀ ਵਿਚਾਰ ਮੰਨਿਆ ਹੈ।

Second Guru: *Yoga* is the attainment of spiritual wisdom,
the duty of the Brahmans is contemplation of the Vedas.

**ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ॥**

ਖੱਤਰੀਆਂ ਦਾ ਧਰਮ ਸੂਰਵੀਰਤਾ ਮੰਨਿਆ ਹੈ,
ਸ਼ੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨਾ ਮੰਨਿਆ ਹੈ।

The duty of Kshatriyas is gallantry, the duty of Shudras is the service of others.

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥**

ਸਾਰਿਆਂ ਦਾ ਸਾਂਝਾਂ ਧਰਮ ਪ੍ਰਭੂ ਦਾ ਨਾਮ ਹੈ, ਜੇ ਕੋਈ ਇਹ ਭੇਦ ਜਾਣ ਲਵੇ।

If one understands the reality, everyone's duty is to recite the Name of God.

**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸਦਾ ਦਾਸ ਹਾਂ, ਜੋ ਮਨੁੱਖ ਪ੍ਰਭੂ ਦਾ ਰੂਪ ਹੈ।

Sri Guru Ji says: I am the servant of such a person who serves the Immaculate God.

**ਮਃ ੨॥**

**ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥**

ਦੇਵਤੇ ਜਿਨ੍ਹਾਂ ਦੇਵਤਿਆਂ ਨੂੰ ਸਿਮਰਦੇ ਹਨ, ਉਨ੍ਹਾਂ ਸਾਰੇ ਦੇਵਤਿਆਂ ਦੀ ਆਤਮਾ ਇੱਕ ਪਰਮਾਤਮਾ ਹੈ।

The soul of the revered dieties is the one God.

**ਆਤਮਾ ਬਾਸੁਦੇਵਸ੍ਰਿ ਜੇ ਕੋ ਜਾਣੈ ਭੇਉ॥**

ਜੋ ਕੋਈ ਮਨੁੱਖ ਬ੍ਰਹਮ ਅਤੇ ਆਤਮਾ ਦਾ ਭੇਦ ਜਾਣ ਲੈਂਦਾ ਹੈ।

One who figures out the secrets of the soul and God,

**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸਦਾ ਦਾਸ ਹਾਂ ਅਤੇ ਉਹ ਮਨੁੱਖ ਆਪ ਹੀ ਪ੍ਰਮੇਸ਼ਰ ਹੈ।

Sri Guru Ji says: I am the servant of such a person who serves the Immaculate God.

**ਮਃ ੧॥**

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥**

ਪਾਣੀ ਘੜੇ ਵਿੱਚ ਹੀ ਟਿਕਦਾ ਹੈ, ਪਾਣੀ ਤੋਂ ਬਿਨਾਂ ਘੜੇ ਦੀ ਹੋਂਦ ਨਿਰਾਰਥਕ ਹੈ।

Water remains confined within the pitcher; without water, the pitcher is irrelevant.

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥੫॥**

ਮਨ ਨੂੰ ਵਿਚਾਰ ਨਾਲ ਹੀ ਟਿਕਾਇਆ ਜਾ ਸਕਦਾ ਹੈ, ਇਹ ਵਿਚਾਰ ਗੁਰੂ ਬਿਨਾਂ ਨਹੀਂ ਮਿਲਦੀ।

Similarly, one's mind can only be restrained by spiritual wisdom,
the spiritual wisdom cannot be obtained without a Guru.

**ਪਉੜੀ॥**

**ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥**

ਜੇ ਪੜ੍ਹਿਆ-ਲਿਖਿਆ ਆਦਮੀ ਜ਼ੁਰਮ ਕਰਦਾ ਹੈ ਤਾਂ ਉਸ ਨਾਲੋਂ
ਅਨਪੜ੍ਹ ਸਾਧ ਚੰਗਾ ਹੈ ਅਤੇ ਉਸ ਨੂੰ ਅੰਤ ਮਾਰ ਵੀ ਨਹੀਂ ਪਵੇਗੀ।

If a literate is a sinner, then an illiterate saint is not to be punished

**ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥**

ਜਿਹੋ ਜਿਹਾ ਮਨੁੱਖ ਕਰਮ ਕਰਦਾ ਹੈ,
ਓਹੋ ਜਿਹਾ ਉਸਦਾ ਨਾਮ ਪ੍ਰਚਲਿਤ ਹੁੰਦਾ ਹੈ।

One's reputation is known based on the actions performed.

**ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥**

ਅਜਿਹੀਆਂ ਖੇਡਾਂ ਨਾ ਖੇਡ, ਜਿਸ ਕਰਕੇ ਦਰਗਾਹ ਵਿੱਚ ਬਾਜ਼ੀ ਹਾਰ ਜਾਵੇਂ।

Such tricks should not be played, by which one loses in the court of God.

**ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥**

ਪੜ੍ਹੇ ਜਾਂ ਅਨਪੜ੍ਹੇ ਮਨੁੱਖ ਚੰਗੇ ਜਾਂ ਮਾੜੇ ਕੰਮਾਂ ਦੀ ਵਿਚਾਰ ਕਰਕੇ ਹੀ ਨਿਵਾਜੇ ਜਾਂ ਦੁਰਕਾਰੇ ਜਾਣਗੇ।

Both literate and illiterate are judged, based on the consideration of their actions

**ਮੁਹਿ ਚਲੈ ਸੁ ਅਗੈ ਮਾਰੀਐ॥੧੨॥**

ਮਨਮੱਤ ਕਰਨ ਵਾਲਿਆਂ ਨੂੰ ਅੱਗੇ ਮਾਰ ਪਵੇਗੀ।

Those who act stubbornly and follow their own will, suffer hereafter.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਇਤਿਹਾਸ ਦੀ ਪੈੜ ਵਿੱਚ ਗੁਰਮਤਿ ਅਨੰਦ ਵਿਆਹ ਦੀ ਅਰੰਭਤਾ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
94177-69103

ਗੁਰਮਤਿ ਆਨੰਦ ਵਿਆਹ ਭਾਵ ਅਨੰਦ ਕਾਰਜ, ਸਿੱਖ ਜਗਤ ਵਿਚ ਪੂਰਨ ਮਰਯਾਦਾ ਨਾਲ ਕਦੋਂ ਅਰੰਭ ਹੋਏ? ਇਸ ਬਾਰੇ ਅਸੀਂ ਇਤਿਹਾਸਕ ਪ੍ਰਮਾਣ ਅਤੇ ਵੇਰਵਿਆਂ ਨਾਲ ਇਸ ਲੇਖ ਵਿਚ ਵੇਰਵੇ ਸਹਿਤ ਵਿਚਾਰ ਕਰਾਂਗੇ। ਦੋ ਰੂਹਾਂ ਦੇ ਮਿਲਣ ਅਰਥਾਤ ਪੁਰਸ਼ ਅਤੇ ਇਸਤਰੀ ਨੂੰ ਸਾਕ ਸੰਬੰਧੀਆਂ ਦੇ ਇਕੱਠ ਸਾਹਮਣੇ ਇਕ ਮਰਯਾਦਾ ਅਨੁਸਾਰ ਪਤੀ ਪਤਨੀ ਸਮਝ ਲੈਣ ਨੂੰ ਸੰਯੋਗ ਅਨੰਦ ਅਥਵਾ ਵਿਆਹ ਆਖਿਆ ਜਾਂਦਾ ਹੈ। ਪਹਿਲੀ ਵਾਰ ਸਿੱਖ ਇਤਿਹਾਸ ਤੇ ਗੁਰਮਤਿ ਇਤਿਹਾਸ ਵਿਚ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਗ ਸੂਹੀ ਵਿਚ ਲਾਵਾਂ ਦਾ ਪਾਠ ਅਵਸ਼ ਰਚਿਆ ਪ੍ਰੰਤੂ ਉਸਨੂੰ ਵਿਆਹ ਦੀ ਰਸਮ ਵਜੋਂ ਸਮਾਜਿਕ ਤੌਰ ਤੇ ਪ੍ਰਚਲਤ ਨਹੀਂ ਕੀਤਾ। ਸ਼ਾਇਦ ਇਹੋ ਕਾਰਨ ਸੀ ਕਿ ਦਸ ਗੁਰੂ ਸਾਹਿਬਾਨ ਦੇ ਸਮੇਂ ਨਾ ਤਾਂ ਗੁਰਮਤਿ ਅਨੁਸਾਰ ਕਿਸੇ ਗੁਰੂ ਜੀ ਜਾਂ ਕਿਸੇ ਸਿੱਖ ਦੇ ਅਨੰਦ ਕਾਰਜ ਹੋਏ ਅਤੇ ਨਾ ਹੀ ਇਸਦੀ ਕਿਸੇ ਨੂੰ ਲੋੜ ਮਹਿਸੂਸ ਹੋਈ। ਸਿੱਖ ਸਮਾਜ ਵਿਚ ਬ੍ਰਹਮਣਾਂ ਪਰੋਹਿਤਾਂ ਦਾ ਬੋਲ ਬਾਲਾ ਰਿਹਾ। ਸਿੱਖ ਦੇ ਹਰ ਖੁਸ਼ੀ ਗਮੀ ਦੇ ਮੌਕੇ ਤੇ ਸਾਰੀਆਂ ਰਸਮਾਂ ਬ੍ਰਾਹਮਣ ਹੀ ਨਿਭਾਹੁੰਦੇ ਸਨ। ਉਦਾਹਰਣ ਵਜੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਦੂਜੀ ਸ਼ਾਦੀ ਸਮੇਂ ਬ੍ਰਾਹਮਣਾਂ ਨੇ ਪੂਰਾ ਰੋਲ ਨਿਭਾਇਆ ਸੀ ਅਤੇ ਜੋ ਰਸਮਾਂ ਪ੍ਰੋਹਤ ਨੇ ਦੱਸੀਆਂ ਸਨ, ਉਹਨਾਂ ਦਾ ਨਿਭਾਅ ਗੁਰੂ ਘਰ ਵਲੋਂ ਕੀਤਾ ਗਿਆ। ਭਾਈ ਸੰਤੋਖ ਸਿੰਘ ਜੀ ਗ੍ਰੰਥ 'ਸ੍ਰੀ ਗੁਰ ਪ੍ਰਤਾਪ ਸੂਰਜ' ਦੀ ਰਾਸ ਅੰਸੂ 53 ਪੰਨਾ 2720 ਤੇ ਇਸ ਪ੍ਰਕਾਰ ਲਿਖਦੇ ਹਨ-

ਦੋਹਰਾ॥
ਕਰੇ ਸ਼ਗੁਨ ਸਭਿ ਲਯਾਹ ਕੇ ਜੇਤ੍ਰਿਕ ਬਿੱਪ੍ਰ ਬਤਾਇ॥
ਸ੍ਰੀ ਗੁਰੁ ਹਰਿਗੋਬਿੰਦ ਜੀ ਦੁਲਹੁ ਰਹੇ ਸੁਹਾਇ॥੧॥
ਚੌਪਈ॥ ਸਜੀ ਬਰਾਤਿ ਜਿਤਿਕ ਸਿਖ ਸੰਗ॥
ਚਲੇ ਕੁਦਾਵਤਿ ਚਪਲ ਤੁਰੰਗ॥
ਪਹੁੰਚੇ ਤਬਹਿ ਜਾਇ ਮੰਡਯਾਲੀ॥
ਦੇਖਿ ਖੁਸ਼ੀ ਤਿਨ ਕੀਨਿ ਬਿਸਾਲੀ॥੨॥

ਇਹੋ ਕੁਝ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਹੁੰਦਾ ਰਿਹਾ। ਖਾਲਸਾ ਪੰਥ ਦੀ ਸਾਜਨਾ ਕਰਨ ਵਾਲੇ ਦਸਮ ਪਾਤਸ਼ਾਹ ਜੀ ਦਾ ਵਿਆਹ ਵੀ ਸਨਾਤਨ ਵਿਆਹ ਪੱਧਤੀ ਅਨੁਸਾਰ ਹੋਇਆ ਸੀ। ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ ਵਿਚ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ-

ਜਹਿ ਸੁੰਦਰ ਬੇਦੀ ਰਚ ਰਾਖੀ।
ਗਨ ਨਰ ਨਾਰ ਬਿਲੋਕਨ ਕਾਖੀ।
ਸਾਦਰ ਸਗਰੇ ਕੀਨ ਬਿਰਾਵਣ।
ਬਿਪ੍ਰ ਉਚਾਰਨ ਮੰਤ੍ਰਨ ਪਾਵਨ।
ਪੂਜਤ ਨਵ ਗ੍ਰਹਿ ਗਣ ਪਤਿ ਪਾਸ।
ਕਰਹਿ ਕਿਰਤ ਠਾਨਹਿ ਗੁਰ ਨਾਥ।
ਪੁਨ ਬੇਦੀ ਮਹਿ ਰਾਖ ਹੁਤਾਸਨ।
ਡਾਰਤ ਸਰਪੀ ਕੀਨ ਪ੍ਰਕਾਸ਼ਨ।
ਤਬ ਦੁਲਹਨਿ ਲੇ ਨਿਕਟ ਬਿਠਾਈ।
ਜਥਾ ਜੋਗ ਸਭ ਬਿਧਿ ਕਰਵਾਈ।
ਬਾਰ-ਬਾਰ ਫੇਰਨ ਸੰਗ ਫੇਰੇ।
ਪਾਨ ਗ੍ਰਹਿਨ ਕੀਨੋ ਤਿਸ ਬੇਰੇ।

ਸਿੱਖ ਆਪਣਾ ਇਤਿਹਾਸ ਭੁਲ ਗਏ ਸਨ, ਹਿੰਦੂਆਂ ਅਤੇ ਸਨਾਤਨ ਧਰਮੀਆਂ ਅੱਗੇ ਗੋਡੇ ਟੇਕ ਚੁੱਕੇ ਸਨ, ਗੁਰੂ ਸਾਹਿਬਾਨ ਨੇ ਜਿਹੜੀਆਂ ਸਮਾਜਿਕ ਤੇ ਧਾਰਮਿਕ ਕੁਰੀਤੀਆਂ ਅਤੇ ਰਸਮਾਂ ਦਾ ਖੰਡਨ ਕੀਤਾ ਸੀ। ਉਹਨਾਂ ਨੂੰ ਸਿੱਖ ਭੁੱਲ ਗਏ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਤੇ ਪੰਜਾਬ ਦੇ ਅੰਗਰੇਜ਼ ਦੀ ਬੁੱਕਲ ਵਿਚ ਜਾਣ ਤੱਕ ਸਿੱਖਾਂ ਵਿੱਚ ਬਹੁਤ ਅਧੋਗਤੀ ਆ ਚੁੱਕੀ ਸੀ ਅਤੇ ਸਿੱਖਾਂ ਦੀ ਜਨ ਗਣਨਾ ਵਿੱਚ ਘਾਟ ਆ ਗਈ। ਇਕ ਅਨੁਮਾਨ

ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੀ ਗਿਣਤੀ ਇਕ ਕਰੋੜ ਦੇ ਲਗਭਗ ਸੀ ਜੋ ਘੱਟ ਕੇ 1881 ਈ. ਵਿਚ 18,53,429 ਰਹਿ ਗਏ ਸੀ।[1]

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤੋਂ ਹੀ ਰਾਜ ਦਰਬਾਰ ਤੋਂ ਲੈ ਕੇ ਆਮ ਜਨਤਾ ਤੱਕ ਹਰ ਖੁਸ਼ੀ ਗਮੀ ਦੇ ਮੌਕੇ ਬ੍ਰਾਹਮਣਾਂ ਦੀ ਪ੍ਰਧਾਨਤਾ ਹੀ ਸੀ ਅਤੇ ਉਹ ਅਨਪੜ੍ਹ ਲੋਕਾਈ ਨੂੰ ਦਿਨ ਦਿਹਾੜੇ ਲੁੱਟ ਰਹੇ ਸਨ। ਗਿਆਨੀ ਗਿਆਨ ਸਿੰਘ ਜੀ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਨਿਰਮਲੇ ਵਿਦਵਾਨ, ਇਤਿਹਾਸਕਾਰ ਤੇ ਕਵੀ ਸਨ। ਉਹ ਆਪਣੇ ਗ੍ਰੰਥ 'ਸ੍ਰੀ ਭੂਪੇਦਾ ਨੰਦ' ਵਿਚ ਉਸ ਸਮੇਂ ਦੇ ਸਿੱਖਾਂ ਦੀ ਗਿਰਾਵਟ ਅਤੇ ਬ੍ਰਾਹਮਣਾਂ ਦੀ ਪ੍ਰਧਾਨਤਾ ਬਾਰੇ ਇਸ ਪ੍ਰਕਾਰ ਲਿਖਦੇ ਹਨ[2]–

ਪਾਨ ਹਕੂਮਤ ਮਦਿਰਾ ਕਰਕੈ॥
ਇੰਦ੍ਰੀ ਰਸਮੈ ਅਧਿਕੈ ਗਰਕੈ॥
ਪਾਇ ਦਾਇ ਨਿਜ ਸਮਾਂ ਨਿਹਾਰ॥
ਚਲਨ ਸਿੰਘਨ ਕਾ ਦੇਖ ਖੁਆਰ॥
ਸੇਵਕ ਹੋਏ ਓਹੋ ਹਿੰਦੂ॥
ਲੈਂਨ ਚਹਿਤ ਜੋ ਸਿੱਖਨ ਜਿੰਦੂ॥
ਸਿੱਖ ਸ੍ਰਦਾਰਨ ਰਾਜਨ ਕੇਰੇ॥
ਭਏ ਮੁਸਾਹਿਬ ਹਿੰਦੁ ਬਧੇਰੇ॥
ਦਖਲ ਸਿੰਘਨ ਕੇ ਪਾ ਮਿਜਾਜ਼ ਮੈਂ॥
ਮੁਖਤਾਰੀ ਲੈ ਕਾਮ ਕਾਜ ਮੈਂ॥
ਮਹਿੰਮਾਂ ਹਿੰਦੂ ਸ਼ਰਾ ਕੀ ਗਾਕੇ॥
ਭਰਮਾਏ ਸਿਖ ਬਾਤਾਂ ਲਾ ਕੈ॥
ਸਿੱਖਨੀਆਂ ਕੋ ਬਿਪ੍ਰਨੀਆਂ ਨੈ॥
ਭਰਮਾ ਲੌਨੋਂ ਛਿਪ੍ਰਨੀਆਂ ਨੈ॥
ਜਮਣੇਂ ਪਰਨੇਂ ਮਰਨੇਂ ਕੇਰੇ॥
ਭਾਵਤ ਕਾਰਜ ਕਰਾਇ ਬਧੇਰੇ॥
ਹਿੰਦੂ ਸ਼ਰਾ ਕੇ ਪਾ ਕੇ ਰੱਸੇ॥
ਨਿਜ ਬਸਿ ਕਰੇ ਸਿੱਖ ਆਸ ਕੱਸੇ॥
ਜਿੱਧਰ ਲਾਏ ਓਧਰ ਲੱਗੇ॥
ਬਨਿਗੇ ਐਨ ਬਿੱਪ੍ਰੀ ਢੱਗੇ॥
ਨਿਯਮ ਠੀਕ ਏਹੀ ਜਗ ਮੈਂ ਹੈ॥
ਸੰਗਤ ਕਾ ਫਲ ਬਲ ਕਰਜੈ ਹੈ॥
ਬਿੱਪ੍ਰ ਜਾਤਿ ਜਮਾਨੇ ਸਾਜ॥
ਲੀਨੇਂ ਸਿੰਘ ਪਰੇਰ ਦਰਾਜ॥
ਬੇਟੇ ਬੇਟੀ ਕੇ ਤਬ ਫੇਰੇ॥
ਲੱਗੇ ਦਿਵਾਵਨ ਚਾਵਨ ਝੇਰੇ॥
ਗੁਰ ਰੀਤੀ ਬਿਪ੍ਰੈ ਤਜਵਾਈ॥
ਫੇਰੇ ਦੇਵਨ ਲੱਗੇ ਸੁਦਾਈ॥

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖਾਲਸਾ ਰਾਜ ਕਿਹਾ ਜਾਂਦਾ ਹੈ ਪ੍ਰੰਤੂ ਉਸ ਰਾਜ ਵਿਚ ਖਾਲਸਾ ਰਾਜ ਵਾਲਾ ਕੋਈ ਕਾਰਜ ਨਾ ਹੋਇਆ, ਸਗੋਂ ਸਦੀਆਂ ਤੋਂ ਚਲੀ ਆ ਰਹੀ ਬ੍ਰਾਹਮਣਾਂ ਦੀ ਪ੍ਰਭੂਸਤਾ ਹੋਰ ਜਿਆਦਾ ਸਿੱਖਾਂ ਵਿਚ ਘਰ ਕਰ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਦੀ ਉਸ ਦਰਦਨਾਕ ਹਾਲਤ ਨੂੰ ਦੇਖਿਆ ਤੇ ਮਹਿਸੂਸ ਕੀਤਾ। ਉਸ ਸਮੇਂ ਸਤਿਗੁਰੂ ਜੀ ਤੋਂ ਬਿਨਾਂ ਦੇਸ਼ ਵਾਸੀਆਂ ਦਾ ਦੁੱਖ ਦਰਦ ਵੰਡਾਉਣ ਵਾਲਾ ਹੋਰ ਕੋਈ ਨਹੀਂ ਸੀ। ਉਹਨਾਂ ਨੇ ਦੇਸ਼ ਵਾਸੀਆਂ ਨੂੰ ਜਗਾਉਣ ਲਈ ਇਕ ਹੰਭਲਾ ਮਾਰਿਆ ਅਤੇ 1857 ਈ. ਦੀ ਵਿਸਾਖੀ ਨੂੰ ਸੰਤ ਖਾਲਸਾ ਨੂੰ ਪ੍ਰਗਟ ਕਰਕੇ ਪੰਜਾਬੀਆਂ ਦੀ ਕਾਇਆ ਕਲਪ ਕਰ ਦਿੱਤੀ। ਸਿੱਖਾਂ ਨੂੰ ਜੀਊਣ ਦੀ ਜੁਗਤ ਦੱਸੀ ਅਤੇ ਉਹਨਾਂ ਨੂੰ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਤੇ ਚਲਣ ਅਤੇ ਉਹਨਾਂ ਨੂੰ ਅਮਲੀ ਜਾਮਾ ਪਹਿਨਾਉਣ ਦਾ ਸੰਦੇਸ਼ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿੱਖਿਆਵਾਂ ਨੇ ਲੋਕਾਈ ਤੇ ਜਾਦੂਮਈ ਅਸਰ ਕੀਤਾ, ਉਹ ਸ਼ਰਾਬ, ਮਾਸ, ਚੋਰੀ, ਯਾਰੀ ਛੱਡ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਜੋ ਆਲ਼ਿਆਂ ਵਿਚ ਚੂਹਿਆਂ ਅਤੇ ਸਿਉਂਕ ਦਾ ਖਾਣਾ ਬਣ ਰਹੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਪਵਿੱਤਰ ਬੀੜਾਂ ਨੂੰ ਬਾਹਰ ਕੱਢ ਕੇ ਉਹਨਾਂ ਦਾ ਪ੍ਰਕਾਸ਼ ਕਰਵਾਉਣਾ ਸ਼ੁਰੂ ਕੀਤਾ ਅਤੇ ਉਹਨਾਂ ਦੇ ਅਦਬ ਸਤਿਕਾਰ ਦੀ ਮਰਯਾਦਾ ਲੋਕਾਈ ਵਿਚ ਬਹਾਲ ਕੀਤੀ। ਇਸ ਪ੍ਰਕਾਰ ਕੁਝ ਸਮੇਂ ਵਿਚ ਹੀ ਸਤਿਗੁਰਾਂ ਦੇ ਯਤਨਾਂ ਸਦਕਾ ਦੇਸ਼ ਵਿਚ ਸਤਿਜੁਗ ਦਾ ਪਹਿਰਾ ਹੋ ਗਿਆ ਅਤੇ ਲੋਕਾਈ ਵਿਚੋਂ ਮਨਮੱਤ ਦੂਰ ਹੋਣ ਲੱਗੀ।

**ਅਨੰਦ ਮਰਯਾਦਾ ਦੀ ਪ੍ਰਾਰੰਭਤਾ 3 ਜੂਨ 1863 ਈ.**

ਸਦੀਆਂ ਤੋਂ ਲਿਤਾੜੇ ਹੋਈ ਇਸਤਰੀ ਵਰਗ ਨੂੰ ਸਤਿਗੁਰੂ ਜੀ ਸਮਾਜ ਵਿਚ ਆਦਰਯੋਗ ਸਥਾਨ ਬਖਸ਼ਣਾ ਚਾਹੁੰਦੇ ਸਨ, ਇਸ ਲਈ ਉਹਨਾਂ ਨੇ ਬੀਬੀਆਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਫਿਰ ਵਿਆਹ ਦੀ ਰੀਤੀ ਜਿਸਨੂੰ ਬ੍ਰਾਹਮਣ ਪੰਡਿਤ ਲੋਕ ਵੇਦ ਰੀਤੀ ਨਾਲ ਨਿਭਾਉਂਦੇ ਸਨ ਨੂੰ ਬੰਦ ਕਰਕੇ ਸਤਿਗੁਰੂ ਜੀ ਗੁਰਮਤਿ ਅਨੁਸਾਰ ਸਿੱਖ ਸਾਮਾਜ ਵਿਚ ਪ੍ਰਚਲਤ ਕੀਤੀ ਜੋ ਅਨੰਦ ਮਰਯਾਦਾ ਦੀ ਰੀਤ

ਕਹਿਲਾਈ।

ਸਤਿਗੁਰੂ ਜੀ ਨੇ 1863 ਈ. ਦਾ ਵਿਸਾਖੀ ਦਾ ਪੁਰਬ ਅੰਮ੍ਰਿਤਸਰ ਮਨਾਇਆ, ਉਥੇ ਹੀ ਉਹਨਾਂ ਨੇ ਮੁਖੀ ਸਿੰਘਾਂ ਨਾਲ ਅਨੰਦ ਵਿਵਾਹ ਮਰਯਾਦਾ ਨੂੰ ਸਿੱਖ ਸਾਮਾਜ ਵਿਚ ਅਰੰਭ ਕਰਨ ਲਈ ਵਿਚਾਰ ਕੀਤੀ। ਉਸ ਪੁਰਬ ਤੇ ਬਾਬਾ ਜਵਾਹਰ ਸਿੰਘ, ਪੰਡਿਤ ਨਰੈਣ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਕਾਨ੍ਹ ਸਿੰਘ ਅਤੇ ਬਾਬਾ ਸੁਧ ਸਿੰਘ ਆਦਿਕ ਵੀ ਅੰਮ੍ਰਿਤਸਰ ਪਹੁੰਚੇ ਹੋਏ ਸਨ।[3] ਉਥੋਂ ਵਾਪਸ ਆਉਂਦੇ ਸਮੇਂ ਸੰਗਤ ਸਮੇਤ ਜਦੋਂ ਸਤਿਗੁਰੂ ਜੀ ਕਰਤਾਰਪੁਰ ਪਹੁੰਚੇ ਤਾਂ ਜੋਗਾ ਸਿੰਘ ਧੂੜਕੋਟ ਵਾਲੇ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤਾ ਜੀ ਮੇਰੀ ਲੜਕੀ ਕਾ ਅਨੰਦ ਪੜਾਇ ਦਿਓ ਆਪ ਕੀ ਰੀਤੀ ਅਨੁਸਾਰ। ਸਤਿਗੁਰੂ ਜੀ ਨੇ ਅਰਦਾਸਾ ਕਰ ਦਿੱਤਾ ਅਤੇ ਅਨੰਦ ਪੜੌਣ ਦਾ ਦਿਨ ਪੱਕਾ ਕਰ ਦਿੱਤਾ।[4]

ਅਨੰਦ ਵਿਆਹ ਦੀ ਮਰਯਾਦਾ ਸ਼ੁਰੂ ਕਰਨ ਲਈ ਸਤਿਗੁਰੂ ਜੀ ਸੰਗਤ ਸਮੇਤ ਜੋਗਾ ਸਿੰਘ ਦੇ ਘਰ ਧੂੜਕੋਟ 2 ਜੂਨ 1863 ਈ. ਨੂੰ ਪਹੁੰਚੇ ਅਤੇ ਇੱਕ ਅਖੰਡ ਪਾਠ ਦਾ ਭੋਗ ਪਾਇਆ ਗਿਆ। ਪਿੰਡ ਵਿੱਚ ਇੱਕੋ ਇੱਕ ਜੋਗਾ ਸਿੰਘ ਦਾ ਘਰ ਹੀ ਨਾਮਧਾਰੀਆਂ ਦਾ ਸੀ, ਜਿਥੇ ਪੰਡਤਾਂ ਜਾਂ ਹੋਰ ਸਨਾਤਨ ਮਰਿਆਦਾ ਦੇ ਧਾਰਨੀਆਂ ਵਲੋਂ ਉਸ ਨਵੀ ਸ਼ੁਰੂ ਕੀਤੀ ਮਰਯਾਦਾ ਦਾ ਵਿਰੋਧ ਹੋ ਸਕਦਾ ਸੀ। ਸੋ ਕਾਫੀ ਸੋਚ ਵਿਚਾਰ ਕਰਕੇ ਸਤਿਗੁਰਾਂ ਨੇ ਅਗਲਾ ਦਿਨ 3 ਜੂਨ ਉਸ ਮਰਯਾਦਾ ਨੂੰ ਸ਼ੁਰੂ ਕਰਨ ਲਈ ਪਿੰਡ ਖੋਟੇ ਜਿਲ੍ਹਾ ਫਿਰੋਜਪੁਰ (ਹੁਣ ਮੋਗਾ) ਨੂੰ ਚੁਣਿਆ ਗਿਆ ਕਿਉਂਕਿ ਉਥੇ ਨਾਮਧਾਰੀਆਂ ਦੇ ਕਾਫੀ ਘਰ ਸਨ ਜੋ ਹਰ ਤਰ੍ਹਾਂ ਦੀ ਬਿਪਤਾ ਨੂੰ ਆਪਣੇ ਅਸਰ ਰਸੂਖ ਨਾਲ ਟਾਲ ਸਕਦੇ ਸਨ।

2 ਜੂਨ ਨੂੰ ਹੀ ਦੂਰ ਦੁਰਾਡੇ ਤੋਂ ਸੰਗਤਾਂ ਪਿੰਡ ਖੋਟੇ ਆਉਣੀਆਂ ਸ਼ੁਰੂ ਹੋ ਗਈਆਂ ਸਨ। ਗੁਰੂ ਕਾ ਲੰਗਰ ਅਤੁੱਟ ਵਰਤ ਰਿਹਾ ਸੀ। ਬਾਬਾ ਸਮੁੰਦ ਸਿੰਘ ਖੋਟੇ ਪਿੰਡ ਵਾਲਿਆਂ ਦੀ ਪੁੱਤਰੀ ਅਤੇ ਪੋਤਰੀ ਦਾ ਨਵੀਂ ਰੀਤ ਅਨੁਸਾਰ ਅਨੰਦ ਹੋਣਾ ਸੀ ਅਤੇ ਇਸਦੇ ਨਾਲ ਚਾਰ ਹੋਰ ਸੁਭਾਗੇ ਜੋੜਿਆਂ ਦਾ ਅਨੰਦ ਕਾਰਜ ਹੋਏ ਸਨ। ਕੁਲ ਛੇ ਜੋੜਿਆਂ ਦਾ ਤਿੰਨ ਜੂਨ ਨੂੰ ਅਨੰਦ ਹੋਏ ਸਨ ਜੋ ਅੰਤਰ ਜਾਤੀ ਅਨੰਦ ਵਿਆਹ ਸਨ 3 ਜੂਨ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਇਆ ਫਿਰ ਅੰਮ੍ਰਿਤ ਤਿਆਰ ਕਰਕੇ ਛੇ ਜੋੜਿਆਂ ਨੂੰ ਛਕਾਇਆ ਗਿਆ ਅਤੇ ਬਿਨਾਂ ਕਿਸੇ ਦਾਜ ਦਹੇਜ ਦੇ ਬਿਨਾਂ ਕਿਸੇ ਪੰਡਿਤ ਪਰੋਹਤ ਦੇ ਸੰਗਤ ਦੀ ਹਾਜ਼ਰੀ ਵਿਚ ਪਹਿਲੀ ਵਾਰ ਹਵਨ ਕਰਕੇ ਗੁਰਮਤਿ ਅਨੁਸਾਰ ਵੇਦੀ ਗੱਡ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਰਾਗ ਸੂਹੀ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਰਚਿੱਤ ਲਾਵਾਂ ਦਾ ਪਾਠ ਕਰਕੇ ਫਿਰ ਅਨੰਦ ਸਾਹਿਬ ਬਾਣੀ ਦਾ ਪਾਠ ਕਰਕੇ ਅਰਦਾਸ ਕੀਤੀ ਗਈ।

**ਸੰਤ ਸੰਤੋਖ ਸਿੰਘ ਰਚਿਤ ਸਤਿਗੁਰੂ ਬਿਲਾਸ ਦੀ ਗਵਾਹੀ[5]–**

"ਧੂੜਕੋਟ ਸੇ ਸੰਮਤ 1920 ਬਿ: ਮਹੀਨਾ ਜੇਠ ਸ਼ਬਦ ਪੜ੍ਹਦੇ ਖੋਟੀਂ ਆਇ ਪਹੁੰਚੇ ਸ੍ਰੀ ਸਤਿਗੁਰੂ ਜੀ। ਦੁਨੀਆਂ ਦਰਸ਼ਨਾਂ ਕੋ ਆਉਂਦੀ ਹੈ। ਕੈਂਹਦੇ ਹੈਂ ਇਹ ਕੂਕਿਆਂ ਕਾ ਗੁਰੂ ਹੈ। ਅੰਤਰਯਾਮੀ ਅਕਾਲ ਪੁਰਖ ਜੀ ਆਪ ਮਨੁੱਖਾ ਸਰੀਰ ਧਾਰਿਆ ਹੈ ਇਸ ਸੰਸਾਰ ਕਾ ਉਧਾਰ ਕਰਨੇ ਕੇ ਵਾਸਤੇ।

ਛੇ ਅਨੰਦ ਪੜਾਏ। ਏਕ ਅਨੰਦ ਪੜ੍ਹਾਇਆ ਤਰਖਾਨ ਸਿੰਘ ਕੀ ਲੜਕੀ, ਅਰੋੜਿਆਂ ਸਿੰਘਾਂ ਕਾ ਲੜਕਾ। ਦੀਨ ਦਿਆਲ ਜੀ ਬਚਨ ਕੀਤਾ ਪਹਿਲੇ ਮੈਂ ਆਪਣੇ ਘਰ ਸੇ ਰੀਤੀ ਤੋਰੀ ਹੈ, ਸਰਬ ਖਾਲਸੇ ਨੂੰ ਕਰਨੀ ਬਣੇਗੀ, ਕਈਆਂ ਸਿੰਘਾਂ ਨੇ ਅਰਜਾਂ ਕੀਤੀਆਂ ਜੀ ਸਾਡੀਆਂ ਲੜਕੀਆਂ ਕੇ ਅਨੰਦ ਆਪ ਕੇ ਹਜ਼ੂਰ ਪੜ੍ਹੇ ਜਾਵਣ ਤਾਂ ਅਸੀਂ ਪ੍ਰਸੰਨ ਹੈਂ।

ਖੋਟੇ ਸਾਰੇ ਪਿੰਡ ਮੇ ਏਹੀ ਬਾਤਾਂ ਹੋਵਨ ਅਨੰਦ ਕੀਆ ਕਿ ਨਵੀਂ ਰੀਤੀ ਤੋਰੀ ਹੈ ਅਤੇ ਬ੍ਰਾਹਮਣਾਂ ਕੋ ਮੰਨਣਾ ਭੀ ਛੋਡ ਦੀਆ ਹੈ। ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ। ਅੱਗੇ ਚਾਰ ਜੁਗਾਂ ਮੈਂ ਬੇਦਾਂ ਕੋ ਮੰਨਦੇ ਆਏ ਹੈਂ। ਏਸ ਗੁਰੂ ਨੇ ਨਿਆਰਾ ਹੀ ਪੰਥ ਤੋਰਿਆ ਹੈ।

ਇਸ ਨਵੀਂ ਮਰਯਾਦਾ ਦੀ ਪ੍ਰਾਰੰਭਤਾ ਹਾੜ੍ਹ ਵਦੀ ਦੂਜ, ਸੰਮਤ 1920 ਬਿ. 3 ਜੂਨ 1863 ਈ. ਨੂੰ ਹੋਈ ਸੀ। ਹੁਣ ਪਿੰਡ ਖੋਟੇ ਦੇ ਬ੍ਰਾਹਮਣਾਂ ਨੇ ਜਦੋਂ ਕੋਈ ਚਾਰਾ ਚਲਦਾ ਨਾ ਦੇਖਿਆ ਤਾਂ ਉਹਨਾਂ ਨੇ ਇਕੱਠੇ ਹੋਕੇ ਸਤਿਗੁਰਾਂ ਅਤੇ ਨਾਮਧਾਰੀਆਂ ਦੇ ਖਿਲਾਫ ਸਰਕਾਰ ਕੋਲ ਅਰਜ਼ੀ ਪਾਈ ਕਿ ਨਾਮਧਾਰੀਆਂ ਨੇ ਸਾਡੀ ਰੋਟੀ ਰੋਜ਼ੀ ਖੋਹ ਲਈ ਹੈ। ਫਰੰਗੀ ਸਰਕਾਰ ਨੇ ਸਤਿਗੁਰੂ ਜੀ ਨੂੰ ਬਾਘੇ ਪੁਰਾਣੇ ਦੇ ਠਾਣੇ ਬੁਲਾਇਆ ਤਾਂ ਸਤਿਗੁਰੂ ਜੀ ਥਾਣੇ ਵਿੱਚ ਗਏ। ਸਤਿਗੁਰੂ ਬਿਲਾਸ (ਪਹਿਲਾ ਹਿੱਸਾ) ਵਿਚ ਸੰਤ ਸੰਤੋਖ ਸਿੰਘ ਜੀ ਲਿਖਦੇ ਹਨ[6]–

ਸ੍ਰੀ ਸਤਿਗੁਰੂ ਜੀ ਤੁਰ ਪਏ। ਰਸਤੇ ਮੇਂ ਜੋਗਾ ਸਿੰਘ ਨੂੰ ਕਹਾ ਕਿ ਤੂੰ ਕਹਿਣਾ ਕਿ ਮੈਂ ਸੱਦੇ ਹੈ। ਖੋਟਿਆਂ ਵਾਲੇ ਕੋ ਕਹਾ ਕਿ ਤੂੰ ਕਹਿ ਦੇਵੀ ਕਿ ਜੋਗਾ ਸਿੰਘ ਕੋ ਦੇਖ ਕੇ ਮੈਂ ਬੀ ਅਨੰਦ ਪੜ੍ਹਾਇਆ ਹੈ। ਬਾਘੇ ਪੁਰਾਣੇ ਵਾਲੇ ਫਰੰਗੀ ਨੇ ਜੋਗਾ ਸਿੰਘ ਕੋ ਕਹਾ ਕਿ ਤੁਸੀਂ ਏਨ੍ਹਾਂ (ਸਤਿਗੁਰਾਂ) ਨੂੰ ਮੰਨੋ

ਅਤੇ ਬ੍ਰਾਹਮਣਾਂ ਨੂੰ ਵੀ ਕੁਝ ਦੇਵੋ। ਜੋਗਾ ਸਿੰਘ ਨੇ ਕਹਾ ਕਿ ਪਾਂਚ ਘੁਮਾਂ ਮੇਰੀ ਜ਼ਮੀਨ ਹੈ ਉਸਕਾ ਤੁਸੀਂ ਮਸਲਾ ਛੱਡ ਦਿਓ ਤਾਂ ਮੈਂ ਬ੍ਰਾਹਮਣਾਂ ਨੂੰ ਦੇਂਦਾ ਹਾਂ। ਫਰੰਗੀ ਨੇ ਕਹਾ ਅੱਛਾ ਮੈਂ ਖਾਣਾ ਖਾ ਆਵਾਂ। ਵਾਪਸ ਆਇ ਕੇ ਫਰੰਗੀ ਨੇ ਬ੍ਰਾਹਮਣਾ ਕੋ ਕਹਾ ਕਿ ਲਿਆਓ ਵਹੀ ਜੇਹੜੀ ਪਰ ਤੁਮ੍ਹਾਰਾ ਲੈਣਾ ਲਿਖਾ ਹੈ। ਬ੍ਰਾਹਮਣ ਬੋਲੇ ਵਹੀ ਤਾਂ ਨਹੀਂ ਹੈ, ਸਾਡਾ ਤਾਂ ਪੁੰਨ ਹੀ ਹੈ। ਉਸੀ ਵਕਤ ਫਰੰਗੀ ਨੇ ਕਹਾ ਪੁੰਨ ਅਦਾਲਤ ਮੇਂ ਨਹੀ ਲਿਖਾ ਹੈ। ਕੋਈ ਪਾਂਚ ਸੌ ਲਵੇ ਕੋਈ ਨਾ ਲਵੇ। ਕੋਈ ਅਨੰਦ ਪੜ੍ਹਾਏ ਕੋਈ ਵਿਆਹ ਕਰੇ, ਚਾਹੇ ਆਪਣੀ ਮਰਜੀ ਸੇ ਕੁਛ ਕਰੇ ਕੁਛ ਨਾ ਕਰੇ। ਉਸੀ ਵਕਤ ਬ੍ਰਾਹਮਣਾਂ ਕੋ ਕਹਾ ਕਿ ਜਾਓ ਅਰਜੀ ਖਾਰਜ। ਜੋਗਾ ਸਿੰਘ ਨੇ ਕਹਾ ਕਿ ਸਾਡੀ ਅਦਾਲਤ ਨਹੀਂ ਹੋਈ ਹੈ। ਅੱਜ ਤਾਂ ਏਨ੍ਹਾਂ ਅਰਜੀ ਪਾਈ ਹੈ। ਖਾਲਸੇ ਕੀ ਰੀਤੀ ਅਨੰਦ ਕੀ ਹੈ ਕਿਉਂਕਿ ਖਾਲਸਾ ਜੋ ਤੀਸਰਾ ਪੰਥ ਹੈ ਸੋ ਨਿਆਰਾ ਹੀ ਹੈ। ਕਲ ਕੋ ਸਾਡੇ ਗਲੇ ਕੋਈ ਬ੍ਰਾਹਮਣ ਪੈ ਕੇ ਮਰ ਜਾਵੇਗਾ ਫੇਰ ਸਰਕਾਰ ਸਾਡੇ ਨਾਮ ਲਾਵੇਗੀ। ਫੇਰ ਸਾਨੂੰ ਨਾ ਕਹੇ ਸਰਕਾਰ। ਉਸੀਂ ਵਕਤ ਫਰੰਗੀ ਨੇ ਲਿਖ ਲੀਆ ਜੋ ਕੁਝ ਜੋਗਾ ਸਿੰਘ ਨੇ ਕਹਾ ਸੀ। ਕੰਮ ਫਤੇ ਹੋ ਗਿਆ। ਫਰੰਗੀ ਨੇ ਹੱਥ ਜੋੜ ਕੇ ਕਹਾ ਬਾਬਾ ਸਾਹਿਬ ਜੀ ਆਪ ਘਰ ਕੋ ਚਲੇ ਜਾਓ ਰੌਲਾ ਬਹੁਤ ਪੈ ਗਿਆ ਹੈ। ਮੈਨੂੰ ਨਮੋਸ਼ੀ ਆਉਂਦੀ ਹੈ। ਫਰੰਗੀ ਨੇ ਥਾਣੇਦਾਰ ਕੋ ਕਹਾ ਕਿ ਬਾਬਾ ਸਾਹਿਬ ਕੋ ਭੈਣੀ ਛੋਡ ਆਓ। ਸਤਿਗੁਰੂ ਜੀ ਨੂੰ ਠਾਣੋਂ ਠਾਣੀ ਭੈਣੀ ਸਾਹਿਬ ਪਹੁੰਚਾਇ ਦੀਆ।

**ਗਿਆਨੀ ਗਿਆਨ ਸਿੰਘ ਦੀ ਗਵਾਹੀ–**

ਸ਼੍ਰੋਮਣੀ ਸੰਤ ਗਿਆਨੀ ਗਿਆਨ ਸਿੰਘ ਜੀ ਪ੍ਰਸਿੱਧ ਨਿਰਮਲੇ ਵਿਦਵਾਨ ਸੰਤ ਸਨ, ਜੋ ਆਪਣੇ ਸਮੇਂ ਦੇ ਸੁੱਘੜ ਕਵੀ ਅਤੇ ਵਿਦਵਾਨ ਇਤਿਹਾਸਕਾਰ ਸਨ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਸਤਿਗੁਰਾਂ ਦੀ ਹਾਜ਼ਰੀ ਵਿੱਚ ਉਹ ਸ੍ਰੀ ਭੈਣੀ ਸਾਹਿਬ ਵਿਖੇ ਨਾਨਕ ਪ੍ਰਕਾਸ ਗ੍ਰੰਥ ਦੀ ਕਥਾ ਕੁਝ ਸਮਾਂ ਕਰਦੇ ਰਹੇ ਸਨ। ਉਹਨਾਂ ਨੇ ਨਾਮਧਾਰੀ ਇਤਿਹਾਸ ਨੂੰ ਆਪਣੀਆਂ ਅੱਖਾਂ ਨਾਲ ਵਾਪਰਦਾ ਦੇਖਿਆ ਸੀ। ਉਹ ਭੁਪਿੰਦਰਾ ਨੰਦ ਗ੍ਰੰਥ ਵਿੱਚ ਅਨੰਦ ਮਰਯਾਦਾ ਬਾਰੇ ਲਿਖਦੇ ਹਨ ਕਿ ਸਿਖ ਪੰਥ ਵਿੱਚ ਸਭ ਤੋਂ ਪਹਿਲਾਂ ਨਾਮਧਾਰੀਆਂ ਨੇ ਅਨੰਦ ਵਿਆਹ ਮਰਯਾਦਾ ਨੂੰ ਸ਼ੁਰੂ ਕੀਤਾ ਫਿਰ ਜਿਸਨੂੰ ਦੇਖ ਕੇ ਹੋਰ ਸਿੱਖ ਵੀ ਐਸਾ ਕਰਨ ਲੱਗੇ। ਪ੍ਰੰਤੂ ਬ੍ਰਾਹਮਣ ਆਪਣੀ ਰੋਟੀ ਰੋਜ਼ੀ ਖੁਸਦੀ ਦੇਖਕੇ ਤਿਲਮਿਲਾ ਉਠੇ। ਉਹਨਾਂ ਨੇ ਸਰਕਾਰੇ ਦਰਬਾਰੇ ਨਾਮਧਾਰੀਆਂ ਖਿਲਾਫ ਅਰਜ਼ੀਆਂ ਪਾ ਕੇ ਡਿਗਰੀਆਂ ਹਾਸਲ ਕਰਕੇ ਸਿੱਖਾਂ ਤੋਂ ਬ੍ਰਾਹਮਣਾਂ ਨੇ ਮਾਇਆ ਪ੍ਰਾਪਤ ਕੀਤੀ ਸੀ। ਸ੍ਰੀ ਭੂਪੇਦ੍ਰਾ ਨੰਦ ਗ੍ਰੰਥ ਦੀ ਲਿਖਤ ਤੇ ਦਰਸ਼ਨ ਕਰੋ[7]–

ਚੌਪਈ

ਸ੍ਰੀ ਰਾਮ ਸਿੰਘ ਕੂਕੇ ਪਹਿਲੇ॥
ਅਨੰਦ ਸੁਛੰਦ ਪੜ੍ਹਾਏ ਸਹਿਲੇ॥
ਉਨਕੋ ਦੇਖ ਔਰ ਸਿਖ ਘਨੇਂ॥
ਲਗੇ ਅਨੰਦ ਪਢਾਵਨ ਤਨੇਂ॥
ਹਾਸਿਦ ਜਿੱਦੀ ਲੋਗਨ ਤਬੈ॥
ਚਰਚਾ ਦਈ ਚਲਾਇ ਕੁਢਬੈ॥
ਪੰਮਯੋਂ ਨਕੰਮਯੋਂ ਆਨ ਅਨੇਕੈ॥
ਮੁੰਡਪਨਾਂ ਕੀਨੋਂ ਅਬਿਬੇਕੈ॥
ਜਿਨ ਜਿਨ ਸਿੱਖਨ ਅਨੰਦ ਪੜਾਏ॥
ਦਾਵੇ ਉਨ ਪਰ ਕਰਬਹੁ ਭਾਏ॥
ਹੱਕ ਪ੍ਰੋਹਿਤੀ ਕਰਕੈ ਸਾਬਤ॥
ਲਈ ਡਿਗ੍ਰੀਆਂ ਕਰਵਾ ਭਾਵਤ॥
ਜਜਮਾਨੋਂ ਕੀ ਕੁਰਕੀ ਕਰਾਹੈ॥
ਲਯੋ ਸਿਖਨ ਤੇ ਧਨ ਉਗਰਾਹੈ॥
ਦੇਖਹੁ ਸਬ ਜਨ ਮਨ ਬੀਚਾਰੀ॥
ਹੈ ਅਨੀਤਿ ਯਹਿ ਕੈਸੀ ਭਾਰੀ॥
ਨੀਤਿ ਅਨੀਤਿ ਨਾ ਹਾਕਮ ਧਾਰੀ॥
ਵਿਪ੍ਰਨ ਤੇ ਲੈ ਰਿਸ਼ਵਤ ਭਾਰੀ॥
ਦਏ ਰੁਪਏ ਦਿਵਾ ਬਿਪ੍ਰਨ ਕੋ।
ਸ਼ਰਮ ਨ ਆਈ ਲੇਤ ਛਿਪ੍ਰਨ ਕੋ॥
ਪੂਤ ਕਿਸੀ ਕਾ ਬੇਟੀ ਕਾਹੂੰ॥
ਪਾਲਪੋਸ ਬਡ ਕੀਨੇ ਵਾਹੂੰ॥
ਬਯਾਹਿ ਦਏ ਇਜ਼ਮਤ ਅਨੁਸਾਰੇ॥
ਨਿਜਘਰ ਤੈਂ ਧਨ ਖਰਚ ਅਪਾਰੇ॥
ਬਿਪ੍ਰੋਂ ਕੇ ਪਲਯੋਂ ਕਯਾ ਗਯੋ॥
ਨਾਹਕ ਜਿਨ ਦਾਵਾ ਕਰ ਦਯੋ॥
ਇਹ ਅਨੀਤਿ ਪਿਖ ਖੋਟੀ ਭਾਰੀ॥
ਸੋ ਪ੍ਰਮੇਸ਼ਵਰ ਯਾ ਬਿਧਿਟਾਰੀ॥

**ਐਮ ਐਮ ਆਹਲੂਵਾਲੀਆ ਦੀ ਗਵਾਹੀ–**

ਪ੍ਰਸਿੱਧ ਇਤਿਹਾਸਕਾਰ ਐਮ. ਐਮ. ਆਹਲੂਵਾਲੀਆਂ 1965 ਈ. ਵਿੱਚ ਪ੍ਰਕਾਸ਼ਤ ਪੁਸਤਕ Kukas the Freedom Fighters of the Punjab ਵਿੱਚ 'ਸਤਿਗੁਰੂ ਬਿਲਾਸ' ਗ੍ਰੰਥ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ

ਲਿਖਦੇ ਹਨ[8]–

Guru Ram Singh launched his programme of Anand Marriages in the first week of June 1863 in the Village of Khote where a large number of Namdhari disciples collected under the inspiration of the Guru. The daughter and grand daughter of Summand Singh was Married in the simple form. The daughter of a Carpenter was married in the family of the Arora caste so that the caste feeling may be eschewed. People felt greatly interested to see the performance of suck marriages by the Guru. But the brahmanas who had been acting as the priests of village families for a long time raised a powerful cry of Protest.

**ਡਾਕਟਰ ਫੌਜਾ ਸਿੰਘ ਬਾਜਵਾ ਦੀ ਗਵਾਹੀ–**

ਡਾਕਟਰ ਫੌਜਾ ਸਿੰਘ ਆਪਣੀ ਪੁਸਤਕ Kuka Movement ਦੇ ਸਫਾ 30 ਤੇ ਜੋ 1965 ਈ. ਵਿਚ ਪ੍ਰਕਾਸ਼ਤ ਹੋਈ ਸੀ, ਬਹੁਤ ਵਿਦਵਤਾ ਪੂਰਬਕ ਇਸ ਪ੍ਰਕਾਰ ਲਿਖਦੇ ਹਨ–

An Anand Marriage was performed at the nominal cast of a few supees. It was readily acceptable to the poor villagers who constituted the bulk of his followers. This was new practice was first introduced at the Village Khote in the first week of Khote of June 1863.

**ਭਾਈ ਨਾਹਰ ਸਿੰਘ ਦੀ ਗਵਾਹੀ–**

ਭਾਈ ਨਾਹਰ ਸਿੰਘ ਐਮ.ਏ. ਨੇ 1955 ਈ. ਵਿਚ ਨਾਮਧਾਰੀ ਇਤਿਹਾਸ (ਪਹਿਲਾ ਹਿੱਸਾ) ਪ੍ਰਕਾਸ਼ਤ ਕਰਵਾਇਆ ਸੀ ਜਿਸ ਵਿਚ ਉਹ ਅਨੰਦ ਵਿਆਹ ਮਰਯਾਦਾ ਬਾਰੇ ਇਸ ਪ੍ਰਕਾਰ ਲਿਖਦੇ ਹਨ[10]–

ਕੋਈ ਇਕ ਮਹੀਨੇ ਪਿਛੋਂ ਆਪ ਹਰੀ ਕੇ ਪਤਣ ਤੋਂ ਲੰਘ ਕੇ ਫੀਰੋਜ਼ਪੁਰ ਦੇ ਜ਼ਿਲ੍ਹੇ ਵਿਚ ਪਹੁੰਚ ਗਏ। ਇਲਾਕੇ ਵਿਚ ਪੰਦਰਾਂ ਸੋਲਾਂ ਇਕ ਪ੍ਰਚਾਰ ਕਰਕੇ ਆਪ ਜੇਠ ਸੁਦੀ 10 ਸੰਮਤ 1920 ਬਿਕਰਮੀ ਮੁਤਾਬਕ 2 ਜੂਨ 1863 ਖੋਟੇ ਪਿੰਡ ਪਹੁੰਚੇ। ਏਥੇ ਪਹਿਲਾਂ ਤੋਂ ਹੀ ਦੀਵਾਨ ਮਿਥਿਆ ਹੋਵਣ ਦੇ ਕਾਰਨ ਅਤੇ ਵਿਆਹ ਲਈ ਅਨੰਦ ਕਾਰਜ ਦੀ ਰਸਮ ਨੂੰ ਸ਼ੁਰੂ ਹੁੰਦੇ ਵੇਖਣ ਲਈ ਨਾਮਧਾਰੀ ਸਿੰਘ ਅਤੇ ਇਰਦ ਗਿਰਦ ਦੇ ਲੋਕੀ ਚੰਗੀ ਗਿਣਤੀ ਵਿਚ ਪਹੁੰਚੇ ਹੋਏ ਸਨ।

ਬਾਬੇ ਸਮੁੰਦ ਸਿੰਘ ਦੀ ਲੜਕੀ ਦੇ ਪੋਤਰੀ ਦੇ ਅਨੰਦ ਕਾਰਜਾਂ ਤੋਂ ਬਗੈਰ 4 ਹੋਰ ਅਨੰਦ ਕਾਰਜ਼ ਜਾਤ ਪਾਤ ਦੇ ਬੰਧਨ ਤੋੜ ਕੇ ਹੋਏ। ਇਕ ਤਰਖਾਣ ਦੀ ਲੜਕੀ ਦਾ ਅਨੰਦ ਅਰੋੜਿਆਂ ਦੇ ਲੜਕੇ ਨਾਲ ਹੋਇਆ। ਇਸ ਨਵੀਂ ਮਰਯਾਦਾ ਨੂੰ ਦੇਖ ਕੇ ਲੋਕੀ ਹੈਰਾਨ ਹੋ ਗਏ।

**ਪ੍ਰੋਫੈਸਰ ਜਸਵੰਤ ਸਿੰਘ ਜੱਸ ਅਨੁਸਾਰ**

ਪ੍ਰੋਫੈਸਰ ਜਸਵੰਤ ਸਿੰਘ ਜੱਸ ਨੇ 1959 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਵਿਸਥਾਰ ਪੂਰਵਕ ਪੁਸਤਕ ਦੀ ਰਚਨਾ ਕੀਤੀ ਸੀ ਜਿਸ ਵਿਚ ਉਹ 1863 ਈ. ਵਿਚ ਸ਼ੁਰੂ ਕੀਤੀ ਗਈ ਨਵੀਂ ਸ਼ੁਰੂ ਕੀਤੀ ਗਈ ਪੰਥ ਵਿਚ ਅਨੰਦ ਵਿਆਹ ਦੀ ਮਰਯਾਦਾ ਬਾਰੇ ਇਸ ਪ੍ਰਕਾਰ ਲਿਖਦੇ ਹਨ–

ਉਪਰੋਕਤ ਦੱਸੀ ਗਈ ਨਾਮਧਾਰੀ ਅਨੰਦ ਮਰਿਆਦਾ ਦਾ ਮੁੱਢ ਬਾਬਾ ਰਾਮ ਸਿੰਘ ਜੀ ਨੇ 4 ਜੂਨ 1863 ਵਿਚ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਬੱਧਾ। ਵਿਸਾਖੀ ਦੇ ਮੌਕੇ ਤੇ ਸ੍ਰੀ ਅੰਮ੍ਰਿਤਸਰ, ਦੂਰ ਨੇੜੇ ਤੋਂ ਬਹੁਤ ਸਾਰੀ ਨਾਮਧਾਰੀ ਸੰਗਤ ਇਕਠੀ ਹੋਈ ਸੀ। ਬਾਬਾ ਜੀ ਨੇ ਪਰੇਰਨਾ ਕੀਤੀ ਕਿ ਉਹ ਆਪਣੇ ਬੱਚੇ ਬੱਚੀਆਂ ਦੇ ਅਨੰਦ ਕਾਰਜ ਪੂਰਨ ਮਰਿਆਦਾ ਅਨੁਸਾਰ ਕਰਿਆ ਕਰਨ। ਇਸ ਕੰਮ ਨੂੰ ਸ਼ੁਰੂ ਕਰਨ ਲਈ ਬਾਬਾ ਜੀ ਨੇ ਸਰਬੱਤ ਸੰਗਤ ਦੀ ਸਲਾਹ ਨਾਲ ਪਿੰਡ ਖੋਟੇ ਵਿਚ ਭਾਰੀ ਇੱਕਠ ਕੀਤਾ। ਆਪ ਆਪਣੇ ਜਥੇ ਸਮੇਤ 2 ਜੂਨ 1863 ਨੂੰ ਖੋਟੇ ਪਿੰਡ ਪਹੁੰਚ ਗਏ। ਬਾਬਾ ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਦੇ ਅਨੰਦ ਕਾਰਜਾਂ ਤੋਂ ਬਿਨਾਂ, ਚਾਰ ਹੋਰ ਬੀਬੀਆਂ ਦੇ ਅਨੰਦ ਕਾਰਜ ਜਾਤ ਪਾਤ ਦੇ ਬੰਧਨ ਤੋੜਕੇ ਨਵੀਨ ਮਰਿਆਦਾ ਅਨੁਸਾਰ ਕਰਵਾਏ।

**ਪਿੰਡ ਖੋਟੇ ਵਿਚ ਛੇ ਵਿਵਾਹਤ ਜੋੜਿਆਂ ਦਾ ਵੇਰਵਾ:**

ਪਿੰਡ ਖੋਟੇ ਜੇ ਛੇ ਬੀਬੀਆਂ ਦਾ ਅਨੰਦ ਮਰਯਾਦਾ ਅਨਸੁਾਰ ਵਿਆਹ ਹੋਏ ਉਹਨਾਂ ਦਾ ਵੇਰਵਾ ਪ੍ਰੀਤਮ ਸਿੰਘ ਕਵੀ ਜੀ ਇਸ ਪ੍ਰਕਾਰ ਲਿਖਦੇ ਹਨ[12]–

1. ਭਾਈ ਜੋਗਾ ਸਿੰਘ ਧੂੜਕੋਟ (ਜਿਲ੍ਹਾ ਫ਼ਿਰੋਜਪੁਰ) ਦੀ ਪੁੱਤਰੀ ਬੀਬੀ ਬਿਸ਼ਨ ਕੌਰ ਦਾ ਮੁਠੱਡਿਆਂ (ਜਿਲ੍ਹਾ ਜਲੰਧਰ) ਦੇ ਭਾਈ ਫਤਹ ਸਿੰਘ ਦੇ ਸਪੁੱਤਰ ਸ੍ਰੀ ਬੀਰ ਸਿੰਘ ਨਾਲ ਵਿਆਹੀ।

2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜਿਲ੍ਹਾ ਫਿਰੋਜਪੁਰ) ਦੀ ਪੁੱਤਰੀ ਪਿੰਡ ਠਰੂ ਵਿਖੇ ਵਿਆਹੀ।

3. ਭਾਈ ਬੁੱਧ ਸਿੰਘ ਦੀ ਪੁੱਤਰੀ ਪ੍ਰੇਮ ਕੌਰ ਧੁਲੇਤੇ ਪਿੰਡ (ਜ਼ਿਲ੍ਹਾ ਜਲੰਧਰ) ਵਿਚ ਵਿਆਹੀ।

4. ਸੰਤ ਫਤਹਿ ਸਿੰਘ ਦੀ ਪੁੱਤਰੀ ਦੇਸ ਕੌਰ ਨਿਹਾਲ ਵਾਲਾ (ਜਿਲ੍ਹਾ ਫਿਰੋਜ਼ਪੁਰ) ਵਿਆਹੀ।

5. ਸੰਤ ਕਾਲਾ ਸਿੰਘ ਦੀ ਪੁੱਤਰੀ ਪਿੰਡ ਦੌਧਰ (ਜਿਲ੍ਹਾ ਫ਼ਿਰੋਜ਼ਪੁਰ) ਵਿਆਹੀ

6. ਭਾਈ ਸੁੰਦਰ ਸਿੰਘ ਦੀ ਪੁੱਤਰੀ ਪਿੰਡ ਉਬੋਕੇ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਵਿਆਹੀ ਗਈ।

**ਅਨੰਦ ਵਿਆਹ ਐਕਟ ਬਣਾਉਣ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਯੋਗਦਾਨ–**

1908 ਈ. ਵਿਚ ਕਿਸੇ ਹਿੰਦੂ ਵਕੀਲ ਨੇ ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਨੂੰ ਵੰਗਾਰ ਪਾਈ ਕਿ ਤੁਹਾਡਾ ਤਾਂ ਸਿੱਖੀ ਵਾਲਾ ਵਜੂਦ ਹੀ ਨਹੀਂ ਹੈ ਕਿਉਂਕਿ ਤੁਹਾਡੇ ਵਿਆਹ ਹਿੰਦੂ ਮੈਰਿਜ ਐਕਟ ਅਨੁਸਾਰ ਹੀ ਪ੍ਰਵਾਨ ਹੁੰਦੇ ਹਨ। ਤੁਹਾਡਾ ਕੋਈ ਸਿੱਖਾਂ ਦਾ ਮੈਰਿਜ ਐਕਟ ਹੀ ਨਹੀਂ ਹੈ। ਵਕੀਲ ਦੀ ਉਸ ਵੰਗਾਰ ਤੇ ਦੋਵੇ ਰਿਆਸਤੀ ਮਹਾਰਾਜੇ ਸੋਚਣ ਲਈ ਮਜ਼ਬੂਰ ਹੋ ਗਏ।[13] ਮਹਾਰਾਜਾ ਨਾਭਾ ਨੇ ਅੰਗਰੇਜ਼ੀ ਸਰਕਾਰ ਨੂੰ ਅਨੰਦ ਵਿਆਹ ਬਿਲ ਬਣਾਉਣ ਲਈ ਪ੍ਰੇਰਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ[14]–

ਚੌਪਈ

ਜਬ ਸਿੱਖਨ ਪਰ ਉਕਤ ਅਨੀਤੀ॥
ਲਗੀ ਵਰਤਨੇਂ ਦਾਯਕ ਭੀਤੀ॥
ਗਵਰਮਿੰਟ ਅੰਗ੍ਰੇਜ਼ੀ ਤਾਂਈ॥
ਦਯੋ ਪ੍ਰੇਰ ਨ ਦੇਰ ਲਗਾਈ॥
ਉਸ ਹੀ ਸਮੇਂ ਸ੍ਰੀ ਨਾਭੇਸ਼ਵਰ॥
ਮਹਾਰਾਜ ਰਿਪੁਦਮਨ ਮ੍ਰਿਗੇਸ਼ਵਰ॥
ਪ੍ਰੇਰ ਕਰਯੋਂ ਅਠਕੌਂਸਲ ਮੋ ਹੈ॥
ਕਾਨੂੰਨੀ ਕੱਲਕਤੇ ਜੋ ਹੈ॥
ਮੈਂਬਰ ਹੋਇ ਤਾਂਹਿ ਮੈ ਆਲੇ॥
ਪਬਲਿਕ ਹੇ ਹਕ ਮਾਂਹਿ ਬਿਸਾਲੇ॥
ਰੈਜ਼ੂਲੇਸ਼ਨ ਪਾਸ ਕਰਾਏ॥
ਜਾਂਤੇ ਪਰਜਾ ਅਤਿ ਸੁਖ ਪਾਏ॥

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਜਦੋਂ ਪਟਿਆਲਾ ਅਤੇ ਨਾਭਾ ਰਿਆਸਤਾਂ ਦੇ ਮਹਾਰਾਜਿਆਂ ਨੇ ਅਨੰਦ ਵਿਆਹ ਬਿੱਲ ਦੀ ਗਲ ਚਲਾਈ ਤਾਂ ਸਰਕਾਰ ਨੇ ਇਤਿਹਾਸ ਵਿਚੋਂ ਇਸ ਬਾਰੇ ਇਤਿਹਾਸਕ ਸਬੂਤ ਮੰਗੇ। ਪ੍ਰੰਤੂ ਨਾਮਧਾਰੀਆਂ ਤੋਂ ਬਿਨਾਂ ਕਿਸੇ ਕੋਲ ਵੀ ਇਸਦੇ ਇਤਿਹਾਸਕ ਸਬੂਤ ਨਹੀਂ ਸਨ। ਇਸ ਗੱਲ ਨੂੰ ਨਾਭੇ ਦਾ ਮਹਾਰਾਜਾ ਜਾਣਦਾ ਸੀ, ਇਸ ਲਈ ਉਸਨੇ ਚੀਫ ਜਸਟਿਸ ਸਰਦਾਰ ਬਚਨ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਭੇਜਿਆ। ਉਧਰ ਮਹਾਰਾਜਾ ਪਟਿਆਲਾ ਨੇ ਵੀ ਆਪਣੇ ਵਿਦਿਆ ਗੁਰੂ ਸੰਤ ਜਵਾਲਾ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਦੀ ਬੇਨਤੀ ਤੇ ਆਪਣੇ ਦਸਤਖਤਾਂ ਨਾਲ ਹੇਠ ਲਿਖੀ ਲਿਖਤ ਲਿਖਕੇ ਉਹਨਾਂ ਨੂੰ ਦਿੱਤੀ ਅਤੇ ਵਾਰਿਸਰਾਇ ਹਿੰਦ ਨੂੰ ਤਾਰ ਰਾਹੀਂ ਨਾਮਧਾਰੀ ਪੰਥ ਦੀ ਇਸ ਪੱਖ ਵਾਲੀ ਇਤਿਹਾਸਕਤਾ ਬਾਰੇ ਜਾਣੂ ਕਰਵਾਇਆ ਗਿਆ[14]–

ਸਾਡੇ ਕੁਲ ਪੰਥ ਵਿਚ ਪ੍ਰਾਚੀਨ ਸਮਿਆਂ ਤੋਂ ਨਿਰੋਲ ਅਨੰਦ ਦੀ ਮਰਯਾਦਾ ਚਲੀ ਆਉਂਦੀ ਹੈ। ਕੋਈ ਨਾਮਧਾਰੀ ਸਿੰਘ ਅਨੰਦ ਦੀ ਮਰਯਾਦਾ ਤੋਂ ਛੁੱਟ ਹੋਰ ਕੋਈ ਮਰਯਾਦਾ ਨਹੀਂ ਕਰ ਸਕਦਾ। ਜੇ ਕਰੇ ਉਹ ਨਾਮਧਾਰੀਆਂ ਸਿੰਘ ਨਹੀਂ ਰਹਿ ਸਕਦਾ। ਇਸ ਵਾਸਤੇ ਸਰਕਾਰ ਹਿੰਦ ਪਾਸ ਅਸੀਂ ਆਪਣੀ ਅਤੇ ਸਾਰੇ ਨਾਮਧਾਰੀ ਪੰਥ ਵਲੋਂ ਪ੍ਰਾਰਥਨਾ ਕਰਦੇ ਹਾਂ ਕਿ ਸ੍ਰੀ ਹਜ਼ੂਰ ਟਿੱਕਾ ਸਾਹਿਬ ਨਾਭਾ ਦੀ ਪੇਸ਼ ਕੀਤੀ ਹੋਈ ਅਨੰਦ ਦੀ ਮਰਯਾਦਾ ਨੂੰ ਸਰਕਾਰ ਕਾਨੂੰਨੀ ਤੌਰ ਪਰ ਪਾਸ ਕਰਕੇ ਸਾਡੇ ਪੰਥ ਨੂੰ ਧੰਨਵਾਦੀ ਕਰੇ। ਅਸੀਂ ਏਹ ਤਜਵੀਜ਼ ਭੀ ਪੇਸ਼ ਕਰਦੇ ਹਾਂ ਕਿ ਇਸ ਕਾਨੂੰਨ ਦਾ ਨਾਮ ਸਿੱਖ ਮੈਰੇਜ ਐਕਟ ਰੱਖਿਆ ਜਾਵੇ।

ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ – ਸਹੀ/–
ਤਰੀਕ 13-12-08 – (ਸਤਿਗੁਰੂ) ਪ੍ਰਤਾਪ ਸਿੰਘ

**ਅਨੰਦ ਵਿਸਤਾਰ–**

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਗਈ ਗੁਰਮਤਿ ਅਨੁਸਾਰ ਅਨੰਦ ਵਿਆਹ ਦੀ ਮਰਯਾਦਾ ਨੂੰ ਸਮੁੱਚੀ ਲੋਕਾਈ ਨੇ ਪ੍ਰਵਾਨ ਕੀਤਾ। ਪ੍ਰਵਾਨ ਹੀ ਨਹੀਂ ਕੀਤਾ ਸਮੂਹਿਕ ਵਿਆਹ, ਬਿਨਾਂ ਦਾਜ ਦਹੇਜ ਤੋਂ ਵਿਆਹ ਬਿਨਾਂ ਕਿਸੇ ਪੰਡਤਾਂ ਦੇ ਅਡੰਬਰਾਂ ਤੋਂ ਰਹਿਤ ਵਿਆਹਾਂ ਨੂੰ ਸਮੁੱਚੇ ਸਿੱਖ ਜਗਤ ਨੇ ਅਮਲੀ ਜਾਮਾ ਪਹਿਨਾਇਆ। ਕਈ ਨਾਮਧਾਰੀ ਬਜੁਰਗਾਂ ਨੇ ਉਸ ਮਰਯਾਦਾ ਨੂੰ ਅਪਨਾਇਆ ਅਤੇ ਆਪਣੇ ਅਨੰਦ ਇਹੋ ਮਰਯਾਦਾ ਅਨੁਸਾਰ ਮੁੜ ਪੜ੍ਹਾਏ। ਸੰਤ ਲਾਲ ਸਿੰਘ ਪਿੰਡ ਗੁਮਟੀ (ਰਿਆਸਤ ਸੰਗਰੂਰ) ਅਤੇ ਉਹਨਾਂ ਦੀ ਸੁਪਤਨੀ ਮਾਈ ਪ੍ਰਤਾਪ ਕੌਰ ਜੋ ਉਸ ਸਮੇਂ 60 ਸਾਲ ਦੀ ਉਮਰ ਦੇ ਸਨ। ਉਹਨਾਂ ਨੇ ਅਨੰਦ ਕਾਰਜਾਂ ਦੀ ਮਰਯਾਦਾ ਤੋਂ ਪ੍ਰਭਾਵਿਤ ਹੋ ਕੇ ਆਪਣਾ ਅਨੰਦ ਕਾਰਜ ਨਵੀਂ ਮਰਯਾਦਾ ਅਨੁਸਾਰ ਪੜ੍ਹਵਾਇਆ ਦੋਵੇਂ

ਬਜ਼ੁਰਗ ਹਵਨ ਆਦਿ ਕਰਵਾ ਕੇ ਵੇਦੀ ਗੱਡ ਕੇ ਲਾਵਾਂ ਲੈਣ ਲਈ ਬੈਠ ਗਏ। ਉਹਨਾਂ ਦੇ ਵੱਡੇ ਸਪੁੱਤਰ ਹਰੀ ਸਿੰਘ ਨੇ ਮਾਤਾ ਪਿਤਾ ਦੇ ਅਨੰਦ ਦੀਆਂ ਲਾਵਾਂ ਪੜ੍ਹੀਆਂ ਸਨ। ਦੂਰ ਨੇੜੇ ਦੀ ਸੰਗਤ ਇਹੋ ਅਨੋਖਾ ਅਨੰਦ ਕਾਰਜ ਦੇਖਣ ਆਈ ਅਤੇ ਤਕੜਾ ਮੇਲਾ ਹੋਇਆ ਸੀ।[15]

ਭਾਈ ਵਜ਼ੀਰ ਸਿੰਘ ਪਿੰਡ ਰੁਪਾਣਾ (ਜ਼ਿਲ੍ਹਾ ਮੁਕਤਸਰ) ਨੇ ਵੀ ਵੇਦ ਰੀਤੀ ਨਾਲ ਕਰਵਾਏ ਵਿਆਹ ਨੂੰ ਉਧੇੜ ਕੇ ਦੋਬਾਰਾ ਗੁਰਮਤਿ ਅਨੁਸਾਰ ਵੇਦੀ ਗੱਡ ਕੇ ਹਵਨ ਕਰਵਾ ਕੇ ਆਪਣਾ ਅਨੰਦ ਪੜ੍ਹਾਇਆ ਸੀ। ਏਸੇ ਤਰ੍ਹਾਂ ਉਪਰੋਕਤ ਜ਼ਿਲ੍ਹੇ ਦੇ ਨਗਰ ਅਬਲ ਖੁਰਾਣਾ ਦੀ ਵਿਧਵਾ ਬੀਬੀ ਬੁਧਾਂ ਸੀ ਜਿਸਦਾ ਪਤੀ ਸੁਜਾਨਾ ਰਾਮ ਕੁਝ ਸਾਲ ਪਹਿਲਾਂ ਸਵਰਗ ਸਿਧਾਰ ਚੁੱਕਾ ਸੀ। ਉਹ ਨਾਮਧਾਰੀ ਪਰਿਵਾਰ ਸੀ, ਜਿਸਦੇ ਤਿੰਨ ਪੁੱਤਰ ਮੋਨੇ ਅਤੇ ਚੌਥਾ ਕੇਸਾਧਾਰੀ ਨਾਮਧਾਰੀ ਸੀ। ਉਸਦਾ ਪੁੱਤਰ ਗੁਰਮੁੱਖ ਸਿੰਘ ਆਪਣੀ ਮਾਤਾ ਬੁਧਾਂ ਜੀ ਨੂੰ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਉਸਦੇ ਪਿਤਾ ਜੀ ਨੂੰ ਪੂਰੇ ਹੋਇਆ 10 ਸਾਲ ਹੋ ਗਏ ਹਨ। ਸੋ ਉਸਦੀ ਮਾਤਾ ਜੀ ਦਾ ਮੁੜ ਗੁਰਮਤਿ ਅਨੁਸਾਰ ਕਿਸੇ ਸਿੰਘ ਨਾਲ ਅਨੰਦ ਪੜ੍ਹਾ ਦੇਵੋ। ਉਸਦੀ ਅਰਜ਼ ਸੁਣਕੇ ਸਤਿਗੁਰੂ ਹਰੀ ਸਿੰਘ ਜੀ ਬਹੁਤ ਪ੍ਰਸੰਨ ਹੋਏ ਅਤੇ ਬੀਬੀ ਬੁਧਾਂ ਦਾ ਅਨੰਦ ਬਾਬਾ ਨਰੈਣ ਸਿੰਘ ਰੋਡਿਆਂ ਵਾਲਿਆਂ ਦੁਆਰਾ ਭਾਈ ਝਾਬਾ ਸਿੰਘ (ਪਿੰਡ ਮਹਿਲਾਂ ਜ਼ਿਲਾ ਸੰਗਰੂਰ) ਨੂੰ ਬੁਲਾਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਕਰਕੇ ਦੁਹਾਂ ਦਾ ਸਾਥ ਬਣਾ ਦਿੱਤਾ। ਇਸ ਤਰ੍ਹਾਂ ਹੋਰ ਵੀ ਕਈ ਥਾਵਾਂ ਤੇ ਐਸੇ ਅਨੰਦ ਕਾਰਜ ਹੋਏ ਜਿਹਨਾਂ ਨਾਲ ਸਿੱਖ ਸਮਾਜ ਦੀ ਕਾਇਆ ਕਲਪ ਹੋਈ।

**ਅਨੰਦ ਕਾਰਜ ਦੀ ਇਤਿਹਾਸਕ ਸ਼ਤਾਬਦੀ ਪੁਰਬ–**

ਉਸ ਅਨੰਦ ਵਿਆਹ ਮਰਯਾਦਾ ਜੋ 1863 ਈ. ਤੋਂ ਸ਼ੁਰੂ ਹੋਈ ਸੀ, ਉਸਨੂੰ 1963 ਈ. ਵਿਚ ਸੌ ਸਾਲ ਸੰਪੂਰਨ ਹੋਏ ਸਨ। ਉਸ ਅਨੰਦ ਸ਼ਤਾਬਦੀ ਨੂੰ ਅਕਾਲ ਪੁਰਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹੁਨਮਾਈ ਹੇਠ ਮਨਾਉਣ ਦਾ ਐਲਾਨ ਹੋਇਆ ਸੀ। ਸਤਿਗੁਰੂ ਜੀ ਨੇ ਐਲਾਨ ਕੀਤਾ ਸੀ ਕਿ ਅਸੀਂ ਉਸੇ ਨਗਰ ਵਿਚ 101 ਅਨੰਦ ਕਾਰਜ ਕਰਕੇ ਉਹ ਸ਼ਤਾਬਦੀ ਮਨਾਉਣੀ ਹੈ। ਸਤਿਗੁਰਾਂ ਦਾ ਐਲਾਨ ਸੁਣ ਕੇ ਸੰਗਤ ਵਲੋਂ ਅਨੰਦ ਕਰਵਾਉਣ ਦੀਆਂ 151 ਦਰਖਾਸਤਾਂ ਆਈਆਂ, ਸਿੱਖ ਜਗਤ ਵਿਚ ਉਸ ਸ਼ਤਾਬਦੀ ਨੂੰ ਮਨਾਉਣ ਲਈ ਬਹੁਤ ਉਤਸ਼ਾਹ ਸੀ ਉਸ ਮੌਕੇ ਦੋ ਜੋੜੇ ਗੈਰ ਹਾਜ਼ਰ ਰਹੇ ਤਾਂ 149 ਜੋੜਿਆਂ ਦੇ ਅਨੰਦ ਕਾਰਜ ਦੋ ਵਾਰੀਆਂ ਵਿਚ ਚਾਰ ਲਾਵਾਂ ਦਾ ਪਾਠ ਲੱਖਾਂ ਦੀ ਗਿਣਤੀ ਵਿਚ ਹਾਜ਼ਰ ਸੰਗਤ ਦੀ ਹਾਜ਼ਰੀ ਵਿਚ ਕੀਤੇ ਗਏ। ਪਹਿਲੀ ਵਾਰ 101 ਜੋੜਿਆਂ ਦੇ ਫੇਰੇ ਕੀਤੇ ਗਏ, ਫਿਰ 48 ਜੋੜਿਆਂ ਦੇ ਫੇਰੇ ਦੂਜੀ ਵਾਰ ਕੀਤੇ ਗਏ। ਜਿਹਨਾਂ ਦਾ ਕੁਝ ਵੇਰਵਾ ਇਸ ਪ੍ਰਕਾਰ ਸੀ[16]– 119 ਪੰਜਾਬ ਵਿਚੋਂ, 15 ਹਿਮਾਚਲ ਪ੍ਰਦੇਸ਼ ਵਿਚੋਂ 10 ਰਾਜਸਥਾਨ ਜੀਵਨ ਨਗਰ ਤੋਂ 3 ਥਾਈਲੈਂਡ ਅਤੇ 2 ਅਫਰੀਕਾ ਵਿਚੋਂ ਸਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਉਹ ਸ਼ਤਾਬਦੀ ਮਨਾਕੇ ਇਤਿਹਾਸ ਨੂੰ ਮੁੜ ਦੁਹਰਾ ਕੇ ਉਸ ਇਤਿਹਾਸਕ ਘਟਨਾ ਨੂੰ ਅਮਰ ਕਰ ਦਿੱਤਾ।

## ਫੁੱਟ ਨੋਟ ਅਤੇ ਟਿਪਣੀਆਂ


1. ਮੁਨਸ਼ਾ ਸਿੰਘ ਦੁਖੀ: ਜੀਵਨ ਭਾਈ ਮੋਹਨ ਸਿੰਘ ਵੈਦ, ਪੰਨਾ 15
2. ਗਿਆਨੀ ਗਿਆਨ ਸਿੰਘ: ਸ੍ਰੀ ਭੁਪੇਦ੍ਰਾ ਨੰਦ, ਸਫਾ 29 ਪ੍ਰਕਾਸ਼ਨ ਸਾਲ 1917 ਈ. ਪ੍ਰਕਾਸ਼ਕ ਹਮੀਰ ਸਿੰਘ ਸੈਕ੍ਰੇਟ੍ਰੀ ਸਿਖ ਇਤਿਹਾਸ ਕਮੇਟੀ, ਪਟਿਆਲਾ
3. ਪ੍ਰੀਤਮ ਸਿੰਘ ਕਵੀ: ਇਸਤਰੀਆਂ ਦਾ ਪਹਿਲਾ ਮੁਕਤੀਦਾਤਾ, ਪੰਨਾ 52
4. ਸੰਤ ਸੰਤੋਖ ਸਿੰਘ ਬਾਹੋਵਾਲ: ਸਤਿਗੁਰੂ ਬਿਲਾਸ (ਪਹਿਲਾ ਹਿੱਸਾ) ਪੰਨਾ 232
5. ਸੰਤ ਸੰਤੋਖ ਸਿੰਘ ਬਾਹੋਵਾਲ ਓਹੀ, ਪੰਨਾ 236
6. ਸੰਤ ਸੰਤੋਖ ਸਿੰਘ ਬਾਹੋਵਾਲ ਓਹੀ, ਪੰਨਾ 237
7. ਗਿਆਨੀ ਗਿਆਨ ਸਿੰਘ ਭੁਪ੍ਰੇਦਾ ਨੰਦ, ਪੰਨਾ 31
8. ਐਮ ਐਮ ਆਹਲੂਵਾਲੀਆ: ਕੂਕਾਜ ਦੀ ਫਰੀਡਮ ਫਾਈਟਰ ਆਫ ਦੀ ਪੰਜਾਬ, ਪੰਨਾ 50
9. ਡਾ. ਫੌਜਾ ਸਿੰਘ ਬਾਜਵਾ: ਕੂਕਾ ਮੂਵਮੈਂਟ ਪੰਨਾ 30
10. ਨਾਹਰ ਸਿੰਘ: ਨਾਮਧਾਰੀ ਇਤਿਹਾਸ (ਪਹਿਲਾ ਹਿੱਸਾ) ਪੰਨਾ 164
11. ਪ੍ਰੋ. ਜਸਵੰਤ ਸਿੰਘ ਜੱਸ: ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ 26–27
12. ਪ੍ਰੀਤਮ ਸਿੰਘ ਕਵੀ: ਇਸਤਰੀਆਂ ਦਾ ਪਹਿਲਾ ਮੁਕਤੀਦਾਤਾ, ਪੰਨਾ 67
13. ਤੇਜਾ ਸਿੰਘ: ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਪਰਉਪਕਾਰ, ਪੰਨਾ 19
14. ਸਤਿਜੁਗ ਸਮਤਾਹਿਕ ਦਾ 'ਇਤਿਹਾਸਕ ਸਮਗਰੀ ਅੰਕ' 2002 ਈ. ਪੰਨਾ 88
15. ਪ੍ਰੀਤਮ ਸਿੰਘ ਕਵੀ, ਓਹੀ, ਪੰਨਾ 70
16. ਤੇਜਾ ਸਿੰਘ : ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਪੁਰ ਉਪਕਾਰ, ਪੰਨਾ 19


.....................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**29–5–87**

ਸੰਤ ਬਲਵੰਤ ਸਿੰਘ ਦੇ ਕਮਰੇ ਦੇ ਸਾਹਮਣੇ ਲੰਮੇ ਕਮਰੇ ਵਿਚ C.R.P ਵਾਲੇ 6 ਸਿਪਾਹੀਆਂ (ਹਵਾਲਦਾਰ ਸਮੇਤ) ਡੇਰਾ ਲਗਾ ਹੈ। ਜ਼ਮੀਨ ਤੇ ਗੱਦੇ ਵਿਛਾ ਦਿੱਤੇ ਗਏ ਹਨ। ਇਹਨਾਂ ਦੇ ਰੇਡਿਓ ਦੀਆਂ ਖਬਰਾਂ ਸੁਣ ਰਿਹਾ ਹਾਂ। ਅੱਜ ਦੀ ਅਹਿਮ ਖਬਰ ਹੈ ਕਿ ਲੋਕ ਦਲ ਦਾ ਪ੍ਰਧਾਨ ਚੋਧਰੀ ਚਰਨ ਸਿੰਘ ਆਪਣੇ ਚੁਰਾਸੀਵੇਂ ਸਾਲ ਵਿਚ ਦਮ ਤੋੜ ਗਿਆ ਹੈ, ਰਾਤੀਂ 2 ਵਜੇ ਤੋਂ ਪਿੱਛੇ ਸਾਬਕਾ ਪ੍ਰਾਈਮ ਮਨਿਸਟਰ ਹੋਣ ਦੇ ਨਾਤੇ ਉਸਦਾ ਰਾਜਸੀ ਸਨਮਾਨ ਨਾਲ ਸਸਕਾਰ ਹੋਏਗਾ, ਪਰ ਉਹਦੇ ਜਿਉਂਦੇ ਜੀ ਹੀ ਉਹਦਾ ਦਾ ਲੋਕ ਦਲ ਦੋ ਫਾੜ ਹੋ ਗਿਆ ਹੈ, ਉਹਦਾ ਅੰਤਮ ਸੰਸਕਾਰ ਪਤਾ ਨਹੀਂ ਕਦੋਂ ਹੋਵੇਗਾ।

ਗੁਰਤੇਜ ਸਿੰਘ ਸਤਿਗੁਰਾਂ ਦਾ ਬਸਤਰ ਸਾਧਕ ਮਾਨਸਿਕ ਉਲਝਾਉ ਨੂੰ ਮੁੱਖ ਰੱਖ ਸਤਿਗੁਰੂ ਜੀ ਵਲੋਂ ਛੁੱਟੀ ਲੈ ਗਇਆ ਹੈ। ਅੱਜ ਕੱਲ ਉਹ ਮਹਾਰਾਜ ਜੀ ਦਾ ਸੇਵਕ ਬਣ ਕੇ ਆਇਆ ਹੈ। ਉਸਨੇ ਦਸਿਆ ਹੈ ਮਹਾਰਾਜ ਜੀ ਦੇ ਸਥਾਈ ਸੇਵਕ ਰਣਧੀਰ ਸਿੰਘ ਧੀਰੇ ਨੂੰ ਪੱਕੀ ਛੁੱਟੀ ਮਿਲ ਗਈ ਹੈ, ਉਹਦੀ ਥਾਂ ਤੇ ਇਹ ਏਸੇ ਕਾਰਨ ਆਇਆ ਹੈ ਪਰ ਹਰਪਾਲ ਸਿੰਘ ਕਹਿੰਦਾ ਹੈ, ਐਸੀ ਕੋਈ ਗੱਲ ਨਹੀਂ। ਮਹਾਰਾਜ ਉਸਨੂੰ ਛੱਡ ਨਹੀਂ ਸਕਦੇ। ਉਸਨੂੰ ਤਾਰਾਂ ਤੇ ਚਿੱਠੀਆਂ ਜਾਂਦੀਆਂ ਹਨ। ਇਕ ਗਾਂ ਵੀ ਉਹਦੇ ਬੱਚਿਆਂ ਲਈ ਭੇਜੀ ਹੈ ਅਤੇ ਮਹਾਰਾਜ ਜੀ ਅਮੀਰਕਾ ਜਾਣ ਬਾਰੇ ਸੋਚਦੇ ਹਨ। ਉਸ ਨੂੰ ਨਾਲ ਖੜਨਾ ਹੈ। ਇਹਨਾਂ ਦੋਹਾਂ ਪਾਸਿਆਂ ਨੂੰ ਵਿਚਾਰ ਕੇ ਹੀ ਕੋਈ ਸਹੀ ਨਿਸ਼ਕਰਸ਼ ਨਿਕਾਲਿਆ ਜਾ ਸਕਦਾ ਹੈ ਪਰ ਅਸੀਂ ਸਮੇਂ ਦੇ ਰੱਬ ਦੀ ਹੀ ਜਜਮੈਂਟ ਦਿੰਦੇ ਹਾਂ।

ਸਵੇਰੇ 10 ਵਜੇ, ਜਦੋਂ ਕਿ ਧੁੱਪ ਬਹੁਤ ਕੜਕਵੀਂ ਤੇ ਸਾੜਵੀਂ ਸੀ, ਮੈਂ ਅਤੇ ਦਰਸ਼ਨ ਸਿੰਘ ਅੰਗ ਰਖਿਅਕ ਨੇ ਫਾਰਮ ਦੀ ਅਮਲੀ ਜਿੰਦਜਾਨ ਅਤਰ ਸਿੰਘ ਨਾਲ ਬਾਗ ਵਿਚ ਫੇਰਾ ਤੋਰਾ ਮਾਰਿਆ। ਸਮੱਧਰ ਜਦ ਖੜਵੀਂ ਦਸਤਾਰ, ਦਰਮਿਆਨਾ ਸਿੱਧਾ ਦਾੜ੍ਹਾ, ਸਾਫ਼ ਪਹਿਰਾਵਾ, ਉਜਲ ਮਸਤਕ ਤੇਜ ਬੁਧ ਇਹ ਹੈ ਅਤਰ ਸਿੰਘ। ਇਹ 10 ਵੀਂ ਪੜ੍ਹਿਆ ਪਰ ਹਰਟੀਕਲਚਰ ਇਨਸਪੈਕਟਰ ਜਿੰਨੀ ਯੋਗਤਾ ਰੱਖਦਾ, ਕਈ ਪਾਸਿਓਂ ਓਦੂ ਵੀ ਗਹਿਰੀ ਪਕੜ ਵਾਲਾ, ਅੰਗੂਰਾਂ ਵੱਲ ਇਹਦਾ ਖਾਸ ਧਿਆਨ ਹੈ। ਇੰਜ ਦੱਸਿਆ ਕਿ 5 ਏਕੜ ਅੰਗੂਰ ਤਾਂ ਏਧਰ ਦੀਆਂ ਵਧੀਆਂ ਕੁਐਲਟੀਆਂ ਦੇ ਹਨ। ਅੱਧੇ ਏਕੜ ਵਿਚ ਠਾਕੁਰ ਉਦੇ ਸਿੰਘ ਜੀ ਵਲੋਂ ਅਮਰੀਕਾ ਵਿਚੋਂ ਲਿਆਂਦੇ 6 ਵੈਰਾਇਟੀਆਂ ਦੇ ਅੰਗੂਰ ਲਗਾਏ ਗਏ ਹਨ। ਜਿਹੜੇ ਏਥੇ ਠੀਕ ਤਰ੍ਹਾਂ ਚੱਲ ਸਕੇ ਉਹ ਕੇਵਲ ਹਿੰਦੁਸਤਾਨ ਵਿਚ ਅਜੇ ਏਸੇ ਫਾਰਮ ਵਿਚ ਹੋਣ ਗੇ। ਅਗਲੇ ਸਾਲ ਤੱਕ ਸਾਨੂੰ ਉਪਜ ਦੀ ਕੁਐਂਟਿਟੀ ਤੇ ਕੁਐਲਿਟੀ ਦਾ ਪਤਾ ਲਗ ਜਾਵੇਗਾ ਅਤੇ ਇਹ ਵੀ ਕਿ ਸਾਡੀ ਧਰਤੀ ਨੂੰ ਪਰਵਾਨ ਵੀ ਕਿਹੜੀ ਕਿਸਮ ਕਰਦੀ ਹੈ।

ਅਤਰ ਸਿੰਘ ਨੇ ਦੱਸਿਆ ਸਾਡਾ ਮੁਖ ਰੁਝਾਨ ਆਪਣੀ ਬਾਗਬਾਨੀ ਤੋਂ ਉਤਰ ਕੇ ਵਿਦੇਸ਼ਾਂ ਲਈ ਬੀਜ ਪੈਦਾ ਕਰਨਾ ਹੈ। ਇਸ ਵਿਚ ਸਬਜ਼ੀਆਂ ਵੀ ਹਨ ਅਤੇ ਫੁੱਲ ਵੀ। ਉਹਨਾਂ ਦੀਆਂ ਅਨੇਕਾਂ ਕਿਸਮਾਂ ਦੇ ਅਸੀਂ ਪਿਛਲੀ ਵਾਰ 10 ਏਕੜ ਬੀਜੇ ਸਨ। ਸ਼ੁੱਧ ਬੀਜ ਪੈਦਾ ਕਰਦਿਆਂ ਕਰਦਿਆਂ ਉੱਚ ਕੁਐਨਿਟੀ ਦੀ ਕੁਐਲਿਟੀ ਘੱਟ ਗਈ ਪਰ ਰਕਮ ਨੇ ਸਾਡਾ ਘਰ ਪੂਰਾ ਕਰ ਦਿੱਤਾ ਅਜੇ 3 ਲੱਖ ਰੁਪੈਆ ਵੱਟਿਆ ਹੈ ਥੋਕ ਰੂਪ ਵਿਚ।

ਅੰਬਾਂ ਦੇ ਖੇਤਾਂ ਵਿਚ ਆਪਣੇ ਤਾਂ ਉਸਨੇ ਅਨੇਕਾਂ ਨਾਮ ਗਿਣਾਏ ਅਤੇ ਦੱਸਿਆ ਕਿ 3 ਸਾਲ ਦੇ ਅੰਬ ਬਗੀਚੇ ਨੂੰ ਐਤਕਾਂ

ਅਸਾਂ ਵੇਚਿਆ ਹੈ 65000/- ਅੰਬ ਦੇ ਗਏ ਹਨ। 4000/- ਚੀਕੂਆਂ ਤੋਂ ਭੀ ਕਮਾਇਆ ਹੈ ਅਤੇ ਕੇਲੇ ਨੇ ਵੀ 3200/- ਵਟਾਇਆ ਹੈ ਜਦੋਂ ਕਿ ਪ੍ਰਤੀ ਏਕੜ 40 ਤੋਂ 50 ਹਜ਼ਾਰ ਰੁਪੈਆ ਦੇਣ ਦੇ ਸਮਰੱਥ ਹੁੰਦਾ ਹੈ ਪਰ ਕੇਲੇ ਤੇ ਮਿਹਨਤ ਬੜੀ ਕਰਨੀ ਪੈਂਦੀ ਹੈ।

ਅੰਬਾਂ ਦੇ ਖੇਤਾਂ ਦੀ ਗੱਲ ਕਰਦਿਆਂ ਅਤਰ ਸਿੰਘ ਨੇ ਕਿਹਾ: ਅਸੀਂ ਜਦੋਂ ਉਚੇ ਖੇਤਾਂ ਵਿਚ ਮਹਿੰਗ ਮੁਲੇ ਅੰਬਾਂ ਦੇ ਬੂਟੇ ਲਿਆਕੇ ਲੱਗਾ ਰਹੇ ਸਾਂ ਲੋਕਲ ਲੋਕ ਸਾਡੇ ਫੇਲ੍ਹ ਹੋ ਜਾਣ ਦੀਆਂ ਭਵਿੱਖ ਬਾਣੀਆਂ ਕਰ ਰਹੇ ਸਨ ਪਰ ਸਤਿਗੁਰਾਂ ਦੀ ਕਿਰਪਾ ਠਾਕੁਰ ਜੀ ਦਾ ਧਿਆਨ ਤੇ ਸਿੰਘਾਂ ਦੇ ਮਿਹਨਤ ਰੰਗ ਲਿਆਈ ਅੱਜ ਹਰ ਵੈਰਾਇਟੀ ਦੇ ਅੰਬਾਂ ਦਾ ਬੂਰ ਅਸੀਂ ਘਟਾ ਕੇ ਰੱਖਦੇ ਹਾਂ ਕਿ ਅੰਬ ਕਿਤੇ ਟਾਹਣੀਆਂ ਹੀ ਨਾ ਤੋੜ ਦੇਣ। ਅਸਲ ਗੱਲ ਤਾਂ ਵਿਚ ਹੈ ਕਿ ਅੰਬਾਂ ਤੇ ਘੱਟ ਮਿਹਨਤ ਕੀਤੀ ਹੈ ਅਤੇ ਇਹ ਵੱਧ ਲਾਭ ਕਮਾਣ ਵਾਲੇ ਹੋਣਗੇ।

ਇਕ ਅਲਫੌਂਸਾ ਦੇ ਬੂਟਾ ਪਾਸ ਲਿਆ ਉਸਨੇ ਸਾਨੂੰ ਇਕ ਟੁੱਟਾ ਹੋਇਆ ਟਾਹਣ ਅਤੇ ਖਾਧਾ ਹੋਇਆ ਅੰਬ ਵਖਾਕੇ ਦੱਸਿਆ: ਸਾਡੀ ਇਸ ਵਾਦੀ ਵਿਚ ਇਕ ਰਿਛ ਪਰਿਵਾਰ ਕਹਿੰਦਾ ਹੈ। ਉਹਨਾਂ ਦਾ ਜਿਹੜਾ ਜੀਅ ਕਿਤੇ ਏਥੇ ਹੱਥ ਮਾਰ ਗਿਆ ਹੈ ਉਹ ਤਾਂ ਇਹੋ ਸੋਚਦਾ ਹੋਵੇਗਾ ਕਿ ਐਵੇਂ ਦੂਰ-ਦੂਰ ਭਟਕਦੇ ਫਿਰੀ ਦਾ ਹੈ ਖਾਣ ਨੂੰ ਏਨਾ ਸ਼ਾਨਦਾਰ ਪਦਾਰਥ ਏਥੇ ਨੇੜੇ ਹੀ ਇਹਨਾਂ ਝੂੰਡਾ ਵਿਚ ਛਪਿਆ ਰਹਿੰਦਾ ਹੈ। ਸੰਤ ਗੁਰਬਚਨ ਸਿੰਘ ਦੋ ਕੁੱਤਿਆਂ ਨਾਲ ਰਾਤ ਨੂੰ ਰਾਖਾ ਬਹਿੰਦਾ ਹੈ ਫਿਰ ਵੀ ਰਿਛ ਦੀ ਚਤਰਤਾ, ਦੱਬੇ ਪੈਰੀਂ ਚਲ ਕੇ ਮੰਜ਼ਲ ਤੱਕ ਪਹੁੰਚਣਾ, ਤੇਜ਼ਤਰ ਦੌੜ ਸਕਣਾ ਸਾਨੂੰ ਨੁਕਸਾਨ ਪੁਚਾ ਦੀ ਜਾਂਦੇ ਹਨ। ਮੇਰੇ ਨਾਲ ਦਾ ਦਰਸ਼ਨ ਸਿੰਘ ਅੰਗ ਰਖਿਅਕ ਹੋਣ ਕਰਕੇ ਬੰਦੂਕਚੀ ਸੀ, ਕਹਿਣ ਲੱਗਾ: ਜੇ ਉਸਨੂੰ ਗੋਲੀ ਮਾਰੀ ਜਾਇ! ਉਤਰ ਮਿਲਿਆ: ਇਕ ਤਾਂ ਰਾਤ ਬਰਾਤੇ ਹੀ ਉਹ ਨਿਕਲਦਾ ਹੈ ਅਤੇ ਦੂਜਾ ਉਹ ਹਨੇਰੇ ਦਾ ਲਾਭ ਉਠਾਂਦਾ ਹੈ ਹਨੇਰੇ ਵਿਚ ਹਨੇਰਾ ਹੋ ਜਾਂਦਾ, ਤੀਜਾ ਉਹ ਤੇਜ਼ ਗਤੀ ਦੌੜਦਾ ਹੈ, ਆਮ ਕਰਕੇ ਨਿਸ਼ਾਨਾ ਚੁੱਕ ਜਾਂਦਾ ਹੈ।

ਅਤਰ ਸਿੰਘ ਨੇ ਆਪ ਹੀ ਸਾਡੀ ਥਕਾਵਟ ਦਾ ਖਿਆਲ ਕਰ ਲਿਆ ਤੇ ਅਸੀਂ ਵਿਚਕਾਰਲੇ ਰਾਹ ਡੇਰੇ ਆ ਗਏ।

ਫੇਰ ਮੈਨੂੰ ਆਪਣੇ ਕਮਰੇ ਵਿਚ ਠਾਕੁਰ ਜੀ ਆ ਮਿਲੇ 3:30 ਵਜੇ ਤਿਖੜ ਦੁਪਹਿਰ। ਉਹਨਾਂ ਮੇਰੇ ਕਮਰੇ ਲਈ ਪੱਖੇ ਦਾ ਇੰਤਜ਼ਾਮ ਕਰਨ ਲਈ ਦੱਸਿਆ ਤੇ ਮੇਰੀ ਮੰਗ ਤੇ ਬੋਤਲ ਆਂਵਲੇ ਦੇ ਤੇਲ ਦੀ ਵੀ ਲਿਆ ਦਿੱਤੀ। ਉਹਨਾਂ ਦੀ ਪ੍ਰਬਲ ਇੱਛਾ ਸੀ ਉਹਨਾਂ ਦੇ ਨਾਲ ਚਲਣ ਦੀ, ਹਰਪਾਲ ਸਿੰਘ ਉਹਨਾਂ ਦੇ ਨਾਲ ਸੀ ਪਰ ਮੈਂ ਛਤਰੀ ਬਿਨਾਂ ਏਸ ਤੇਜ਼ ਧੁੱਪ ਵਿਚ ਨਹੀਂ ਸਾਂ ਚਲ ਸਕਦਾ। ਮੈਂ ਸਤਿਕਾਰ ਦਾ ਬਹਾਨਾ ਕਰਕੇ ਪਿਛੇ ਰਹਿ ਗਿਆ ਤੇ ਜਦੋਂ 4:20 ਤੇ ਚਲਿਆ ਅਜੇ ਵੀ ਸੂਰਜ ਦੀ ਗਰਮੀ ਵੱਢਣ ਨੂੰ ਪੈਂਦੀ ਸੀ। ਠਾਕੁਰ ਸੀ ਮੈਨੂੰ ਫਾਰਮ ਹਾਊਸ ਵਿਚ ਮਿਲ ਪਏ। ਹੁਣ ਹਰਪਾਲ ਦੇ ਨਾਲ ਅਤਰ ਸਿੰਘ ਵੀ ਮਿਲ ਪਿਆ ਤੇ ਸੰਤ ਜਗਤਾਰ ਸਿੰਘ ਵੀ ਸਾਥ ਕਰਨ ਲੱਗੇ। ਅੰਗੂਰਾਂ ਵਾਲੇ ਰਾਹ ਪੈ ਗਏ। ਠਾਕੁਰ ਉਦੇ ਸਿੰਘ ਜੀ ਕੱਲੇ ਕੱਲੇ ਕੋਲ ਉਹਦੀ ਹਾਲਤ ਦਾ ਪਤਾ ਕਰਦੇ ਜਾ ਰਹੇ ਸਨ।

ਏਥੇ ਇਕ ਖੜਵੀਂ ਭਿੰਡੀ ਤੋਰੀ ਦੀ ਕਿਸਮ ਹੈ ਜਿਸਨੂੰ ਕੋਈ ਬਿਮਾਰੀ ਨਹੀਂ ਪੁੰਹਦੀ ਅਤੇ ਅਜੇ ਸਾਰੇ ਹਿੰਦੁਸਤਾਨ ਵਿਚੋਂ ਏਥੋਂ ਦੇ ਹੀ ਇਕ ਕਿਆਰੇ ਵਿਚ ਹੈ। ਗੰਢ-ਗੰਢ ਤੇ ਸਵਸਥ ਕੂਲੀਆਂ ਤੋਰੀਆਂ। ਇਹ ਕਿਸੇ ਅਧਿਕਾਰੀ ਨੂੰ ਲਿਹਾਜ਼ ਵਿਚ ਹੀ ਬੀਜ ਕੇ ਦਿੱਤੀਆਂ ਹਨ। ਏਸੇ ਤਰ੍ਹਾਂ ਕਿੰਨੀਆਂ ਕਿਸਮਾਂ ਦੇ ਟਮਾਟਰ ਫੇਰ ਅਸੀਂ ਖਰਬੂਜਿਆਂ ਦੀਆਂ ਵੇਲਾਂ ਵਿੱਚ ਜਾ ਵੜੇ। ਇਹ ਇਹਨਾਂ ਦਾ ਤਜਰਬਾਤੀ ਖੇਤ ਹੈ। ਕਲੇ ਕਲੇ ਖ਼ਰਬੂਜੇ ਨਾਲ ਗੱਲਾਂ ਕਰਦਿਆਂ ਉਹਦੀ ਕਿਸਮ ਪਛਾਣੀ। ਇਥੋਂ ਅਸੀਂ ਇਕ ਬਰੌਕਲੀ ਨਾਮੀ-ਗੋਭੀ ਦੇ ਨੇੜੇ ਦੀ ਇਕ ਸਬਜ਼ੀ ਦੇ ਖੇਤ ਵਿਚ ਗਏ। ਇਹ ਵੱਡੇ ਹੋਟਲਾਂ ਦੀ ਵੱਡੀ ਲੋੜ ਹੈ। ਨਾਲ ਹੀ ਇਕ ਸੂਪ ਬਨਾਣ ਯੋਗ ਪਿਆਜ਼ ਦੀ ਕਿਸਮ ਦੀ ਸਬਜ਼ੀ ਪਹੁੰਚੇ। ਇਹ ਵੀ ਵੱਡੇ ਹੋਟਲਾਂ ਵਿਚ ਸੂਪ ਵਾਸਤੇ ਪਕਾਇਆ ਜਾਂਦਾ ਹੈ। ਅਜਿਹੀਆਂ ਕਈ ਕਿਸਮਾਂ ਏਸ ਫਾਰਮ ਦੀ ਪਹੁੰਚ ਵਿਚ ਹਨ। ਅੰਗੂਰ ਵਾੜੇ ਵੱਲ ਜਾਂਦਿਆਂ ਮੈਂ ਠਾਕੁਰ ਜੀ ਨੂੰ ਅੱਜ ਕੱਲ੍ਹ ਸਾਲਾਨਾ ਕੁੱਲ੍ਹ ਉਪਜ ਬਾਰੇ ਪੁੱਛ ਲਿਆ। ਓਨੀ ਤਾਂ ਨਹੀਂ ਜਿੰਨੀ ਅਸੀਂ ਚਾਹੁੰਦੇ ਹਾਂ ਤਾਂ ਵੀ 7 ਲੱਖ ਰੁਪੈ ਗ੍ਰਾਮ ਉਪਜ ਹੋ ਜਾਂਦੀ ਹੈ। ਮੈਨੂੰ ਯਾਦ ਆਇਆ ਸੱਢੇ ਸੱਤ ਲੱਖ ਤੋਂ ਇਹ ਫ਼ਾਰਮ ਲਿਆ ਸੀ ਅੱਜ ਠਾਕੁਰ ਜੀ ਤੇ ਉਹਨਾਂ ਦੇ ਸਾਥੀਆਂ ਸੇਵਕਾਂ ਦੀ ਮਿਹਨਤ ਤੇ ਸਭ ਤੋਂ ਉਪਰ ਸਤਿਗੁਰੂ ਜੀ ਦੀ ਕਿਰਪਾ ਨਾਲ ਇਕ ਕਰੋੜ ਰੁਪੈ ਮਾਲੀਅਤ ਦਾ ਫਾਰਮ ਹੋ ਗਿਆ ਹੈ ਤੇ ਜਿੰਨੇ ਤੋਂ ਖਰੀਦਿਆ ਸੀ ਓਨੀ ਆਮਦ ਹੀ ਤਾਂ ਹਰ ਸਾਲ ਹੁੰਦੀ ਹੀ ਰਹੇਗੀ, ਅੱਗੇ ਚਲ ਕੇ ਗਈ ਗੁਣਾਂ ਵਧੇਰੀ। ਜਿਵੇਂ ਜਦੋਂ ਸਾਰਾ ਨਾਰੀਅਲ ਕੰਮ ਆਉਣ ਲੱਗਾ ਕੁੱਲ ਸਾਲਾਨਾ 281250

ਕੇਲਾ 4 ਏਕੜ ਚੋਂ ਸਾਧਾਰਨ ਉਪਜ - 80000
ਅੰਗੂਰ ਸਾਢੇ ਪੰਜ ਏਕੜ - 165000
ਅੰਬ 42 ਏਕੜ ਸਾਧਾਰਨ - 260000
ਗੰਨਾ 4 ਏਕੜ - 50000
ਚੀਕੂ 2 ਏਕੜ - 40000
ਕੁੱਲ - 876250

ਬੀਜਾਂ ਸਬਜ਼ੀਆਂ ਤੋਂ ਉਪਜ ਵੀ 3 ਲੱਖ ਤੋਂ ਵੱਧ ਦੀ ਸਾਲਾਨਾ ਹੋਣੀ ਚਾਹੀਦੀ ਹੈ। ਹੋਰ ਬਾਰੀਕੀਆਂ ਦੀ ਗੱਲ ਨਹੀਂ ਕਰਦੇ। ਖਰਚ ਵੀ ਲਾਜ਼ਮੀ ਤੌਰ ਤੇ ਏਸੇ ਵਿਚੋਂ ਨਿਕਲਣਾ ਹੈ।

ਜੋ 4 ਲੱਖ ਰੁਪੈਆ ਤਾਂ ਹੋਣਾ ਹੀ ਚਾਹੀਦਾ ਹੈ।

ਫਿਰਦੇ ਤੁਰਦੇ ਫੇਰ ਅਸੀਂ 7 ਵਜੇ ਦੇ ਲਾਗੇ ਹੀ ਫਾਰਮ ਹਾਊਸ ਵਿਚ ਪਹੁੰਚੇ ਜਿਥੇ 20 ਕੁ ਸਰੀਰ ਮਹਾਰਾਜ ਜੀ ਦੇ ਦੁਆਲੇ ਬੈਠ ਨਾਮ ਸਿਮਰਨ ਕਰ ਰਹੇ ਸਨ। ਅਸਾਂ ਵੀ ਪੂਰਾ ਘੰਟਾ ਇਸ ਦੈਵੀ ਸਮਾਰਕ ਵਿਚ ਬਿਤਾਇਆ।

ਇਸ ਵੇਲੇ ਫਾਰਮ ਕੋਲ ਆਪਣੀ ਇਕ ਜੀਪ, ਇਕ ਮਾਟਾ ਡੋਰ ਅਤੇ ਇਕ ਡੰਪਰ ਟਰੱਕ ਹੈ। ਬਿੜਦੀ ਅਤੇ ਬੈਂਗਲੋਰ ਜਾਂ ਫਿਰ ਰਾਮ ਨਗਰ ਨੇੜੇ ਹੀ ਮੰਡੀ ਤੱਕ ਆਵਾਜਾਵੀ ਬਣੀ ਹੀ ਰਹਿੰਦੀ ਹੈ।

**30 ਮਈ 1987 ਸ਼ਨੀਵਾਰ**

**ਨਾਮਧਾਰੀ ਫਾਰਮਜ਼**

ਫਾਰਮ ਦੀ ਦਿਨ ਚਰਚਾ ਜੂੰ ਹੀ ਚਲੀ। ਮੈਨੂੰ ਅਤਰ ਸਿੰਘ ਅੰਬਰਾਸਰੀਆਂ ਦੇ ਖੂਹ ਵਾਲੇ ਦੀ ਗੱਲ ਯਾਦ ਆਈ। ਉਸ ਕਿਹਾ ਸੀ: ਉਰਗਾਹਲੀ ਦੇ ਨਾਮਧਾਰੀ ਫਾਰਮਜ਼ ਵਿਚ ਸਤਿਜੁਗ ਹੈ। ਜਿੰਨੇ ਵਿਅਕਤੀ ਏਥੇ ਰਹਿੰਦੇ ਹਨ ਉਹਨਾਂ ਦਾ ਪਰਸਪਰ ਕੋਈ ਲੜਾਈ ਝਗੜਾ ਨਹੀਂ। ਈਰਖਾ ਬਖੀਲੀ ਨਹੀਂ। ਹਰ ਕੋਈ ਸੰਤੁਸ਼ਟ ਹੈ ਕਿਉਂਕਿ ਹਰ ਕਿਸੇ ਨੂੰ ਉਹਦੀ ਲੋੜ ਅਨੁਸਾਰ ਚੀਜ ਮਿਲ ਜਾਂਦੀ ਹੈ ਅਤੇ ਹਰ ਕੋਈ ਆਪਣੀ ਸਮਰੱਥਾ ਭਰ ਕੰਮ ਕਰਦਾ ਹੈ। ਜਿਹੜੀ ਲੇਬਰ ਪਿੰਡ ਵਿਚੋਂ ਕੰਨੜਾਂ ਦੀ ਲਾਈ ਦੀ ਹੈ ਉਸਨੂੰ ਸਾਂਵੀਂ ਮਜ਼ਦੂਰੀ ਮਿਲ ਜਾਂਦੀ ਹੈ, ਜਿਹੜੇ ਸਿੰਘ ਏਥੇ ਸੇਵਾ ਕਰਨ ਆਉਂਦੇ ਹਨ ਠਾਕਰ ਜੀ ਉਹਨਾਂ ਦੀ ਹਰ ਜ਼ਰੂਰਤ ਦਾ ਧਿਆਨ ਰਖਦੇ ਹਨ।

ਮੈਂ ਪੁੱਛਿਆ ਤੇਰੇ ਵਰਗੇ ਸਮਝਦਾਰ ਦਾ ਗੁਜਾਰਾ ਕਿਵੇਂ ਹੁੰਦਾ ਹੈ ਬਿਨਾਂ ਨਾਵੇਂ ਤੋਂ। ਉਸ ਦੱਸਿਆ: ਪਹਿਲਾਂ ਤਾਂ ਮੈਨੂੰ ਹਰਟੀਕਲਚਰਿੰਗ ਦਾ ਸ਼ੌਕ ਹੈ ਤੇ ਏਥੇ ਉਹ ਖੁਲ੍ਹੀ ਤਰ੍ਹਾਂ ਪੂਰਾ ਹੁੰਦਾ ਹੈ, ਦੂਜੇ ਠਾਕਰ ਜੀ ਨੇ ਮੇਰੇ ਪਿੰਡ ਬਣਦੇ ਮਕਾਨਾਂ ਲਈ ਸਾਰੇ ਖਰਚੇ ਦਾ ਪ੍ਰਬੰਧ ਆਪ ਕੀਤਾ ਹੈ। ਇਹ ਤੁਸੀਂ ਜਾਣਦੇ ਹੀ ਹੋ ਕਿ ਅੱਜ ਕੱਲ੍ਹ ਕਿਸ ਮੁਲੋਂ ਤਿਆਰ ਹੁੰਦੇ ਹਨ। ਗੱਲ ਕੀ ਮੈਨੂੰ ਕਿਸੇ ਤਰ੍ਹਾਂ ਦਾ ਪਦਾਰਥਕ ਫਿਕਰ ਨਹੀਂ ਮੇਰੇ ਮਾਤਾ ਜੀ ਤੇ ਪਤਨੀ ਬੱਚੇ ਪਿੱਛੇ ਘਰ ਰਹਿੰਦੇ ਹਨ ਮੈਂ ਜਦੋਂ ਜਾਵਾਂ 3-4 ਮਹੀਨੇ ਲਾ ਆਉਂਦਾ ਹਾਂ।

3:30 ਦੇ ਕਰੀਬ ਠਾਕੁਰ ਉਦੇ ਸਿੰਘ ਜੀ ਨੂੰ ਮੈਂ ਆਪਣੇ ਕਮਰੇ ਵੱਲ ਆਉਂਦੇ ਦੇਖਿਆ। ਮੈਂ ਵੀ ਦਰਾਂ ਮੂਹਰੇ ਖਲੋਤਾਂ ਸਾਂ। ਠਾਕਰ ਜੀ ਨੇ ਪੁੱਛਿਆ ਜੇ ਮੈਂ ਫਾਰਮ ਨੂੰ ਜਾਣਾ ਹੋਵੇ। ਮੈਂ ਦੱਸਿਆ ਕਿ ਏਥੇ ਹੀ ਕੰਮ ਕਰਨ ਦੇ ਮੂਡ ਵਿਚ ਹਾਂ। ਤਦੇ ਖਬਰੇ ਜੁ ਉਹਨਾਂ ਦੀ ਨਜ਼ਰ ਮੇਰੇ ਦਰ ਤੱਕ ਮੁਕਦੀਆਂ ਚਾਰ ਪੱਥਰ ਪੌੜੀਆਂ ਤੇ ਪਈ। ਕਵੀ ਜੀ ਸੱਪ! ਮੈਨੂੰ ਵੀ ਆਪਣੀ ਥਾਂ ਤੋਂ ਉਸਦਾ ਇਕ ਗੋਲਾਕਾਰ ਜਿਹਾ ਦਿੱਸਿਆ। ਏਨੇ ਚਿਰ ਨੂੰ ਆਪਣੇ ਕਮਰਿਓ C.R.P. ਵਾਲੇ ਨਿਕਲ ਆਏ। ਦਰਸ਼ਨ ਸਿੰਘ ਤੇ ਸੁਰਿੰਦਰ ਸਿੰਘ ਬੋਘਲ ਆ ਗਏ। ਸੰਤ ਕਿਰਪਾਲ ਸਿੰਘ ਝੱਬਰ ਤੇ ਹੋਰ ਜਿਨੇ ਕੁ ਨੇੜੇ ਤੇੜੇ ਸਨ ਇਕਤਰ ਹੋ ਗਏ। ਸੱਪ ਨੇ ਸਾਡੀ ਗੱਲ ਸੁਣੀ ਨਹੀਂ। ਠਾਕਰ ਜੀ ਨੇ ਲੰਮੀ ਬਾਂਸ ਦੀ ਸੋਟੀ ਲਿਆਕੇ ਸੱਪ ਦੀ ਧੌਣ ਨੱਪੀ। ਸੱਪ ਮਟਮੈਲਾ ਪਰ ਫਨਦਾਰ ਸੀ। ਜ਼ਰਾ ਕੁ ਸੋਟੀ ਚੁੱਕਣ ਤੇ ਉਸ ਨੇ ਫੱਨ ਚੁੱਕੀ ਬੁੱਕ ਜਿੰਨੀ ਫੜ੍ਹ ਦੇ ਪਿਛਲੇ ਪਾਸੇ ਦਾ ਨਿਸ਼ਾਨ ਸੀ। ਅਜੇ ਚਾਰ ਦਿਨ ਪਹਿਲਾਂ ਮੈਨੂੰ ਤੇ ਅਤਰ ਸਿੰਘ ਨੂੰ ਏਸੇ ਰੰਗ ਦਾ ਲੰਮਾਂ ਨਾਗ ਅੰਬਾਂ ਦੇ ਬਾਗ ਵਿਚ ਦਿੱਸਿਆ ਸੀ। ਇਹੋ ਨਿਸ਼ਾਨ ਵੇਖ ਉਸ ਦੱਸਿਆ ਸੀ: ਅਸਲ ਵਿਚ ਇਹ ਮਾਦਾ ਕੋਬਰਾ ਹੈ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜੱਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਬਾਬਾ ਸੰਤਾ ਸਿੰਘ ਬੁਰਜ ਨੂੰ (ਗਊਆਂ ਚਾਰਨ ਲਈ) ਸੋਟੀ ਗੁਰੂ ਹਰੀ ਸਿੰਘ ਨੇ ਫੜਾਈ ਸੀ। ਇਕ ਲਾਂਗਰੀ (ਸਿੰਘ) ਦੇ ਦਿੱਤਾ। ਉਸ ਡੇਰੇ ਦੀ ਮੋਹੜੀ ਗੱਡੀ (ਨਹਿਰ 'ਤੇ) ਬੀਕਾਨੇਰ ਦਾ ਇਕ ਛੇੜੂ ਐਸਾ ਸੀ (ਲੇਖਾ ਸਿੰਘ ?), ਜਿਸ ਪੂਰੇ 60 ਵਰ੍ਹੇ ਮਾਲ (ਚਰਾਉਣ) ਦੀ ਸੇਵਾ ਕੀਤੀ। ਅਰੂੜ ਸਿੰਘ ਬੱਲੂਆਣੀਏ ਇਧਰ (ਇਲਾਕਾ ਜੀਵਨ ਨਗਰ - ਨਾਲੀ ਤੇ ਟਿੱਬੀ ਵਗੈਰਾ ਦੇ ਆਸ ਪਾਸ - ਦੇਸ਼ ਵੰਡ ਤੋਂ ਬਹੁਤ ਚਿਰ ਪਹਿਲਾਂ) ਆਪਣੀਆਂ (ਡੇਰੇ ਦੀਆਂ) ਗਾਂਈਂ ਚਾਰ ਮਹੀਨੇ ਰੱਖੀਆਂ। ਫਿਰ ਠੇਠਰਕੇ ਰਹਿ ਕੇ ਭੈਣੀ ਸਾਹਿਬ ਪੁੱਜੇ।

ਜਿੱਥੇ ਹੁਣ ਬੈਠੇ ਹਾਂ, (ਭਾਵ ਇਲਾਕਾ ਸ੍ਰੀ ਜੀਵਨ ਨਗਰ) ਏਥੇ ਤਾਂ ਕੋਈ ਘਾਟਾ ਨਹੀਂ, ਨਾ ਭੋਇੰ, ਨਾ ਪੈਲੀ, ਨਾ ਫ਼ਸਲ, ਨਾ ਧਨ ਦਾ।

ਇਹ ਵਜ੍ਹਾ ਇਉਂ ਬਣੀ

(ਭਾਣੇ ਨੂੰ ਮੁੱਖ ਰੱਖ ਕੇ) ਕਦੇ ਕਦੇ ਸਤਿਗੁਰੂ ਜੀ ਕਹਿੰਦੇ ਸਨ, ਅਸੀਂ ਪਹਾੜ ਨੂੰ ਜਾਣਾ ਏ।' ਮਾਤਾ ਜਿਊਣ ਕੌਰ ਜੀ ਕਹਿੰਦੇ - "ਨਹੀਂ ਅਸੀਂ ਸੁਹੇਵੇ ਸਾਹਿਬ ਜਾਣਾ ਏ।" ਸਤਿਗੁਰਾਂ ਆਖਣਾ- 'ਉਧਰ ਪਾਣੀ ਨਹੀਂ ਮਿਲਦਾ।" ਇਹ ਇਲਾਕਾ ਜੀਵਨ ਨਗਰ ਆਬਾਦ ਹੋਣ ਦਾ ਕਾਰਨ ਮਾਤਾ ਜੀਵਨ ਕੌਰ ਦਾ ਸੰਕਲਪ ਫਲੀਭੂਤ ਹੋਇਆ। ਇਕ ਇਕ ਸਰੀਰ ਨਾਲ ਘਰ ਚੱਲਦਾ ਏ ਇਕ ਇਕ ਨਾਲ ਕੰਮ ਚੱਲਦੇ ਨੇ।

ਜੇ ਸਾਡੇ ਘੋੜੇ ਮੰਡੀ (ਪਸ਼ੂਆਂ ਜਾਂ ਘੋੜਿਆਂ ਦੀ ਮੰਡੀ) 'ਚ ਨਾ ਵਿਕਦੇ ਤਾਂ ਦਰੋਗਾ ਫੁੰਮਣ ਸਿੰਘ ਜ਼ਰਾ ਕੁ ਦਰਸ਼ਨ ਦਿੰਦਾ ਤਾਂ ਵਿਕ ਜਾਂਦੇ। ਭਗਤ ਸਿੰਘ ਨੇ ਘੋੜੇ ਦੁੜਾਉਣ ਦਾ ਕੰਮ ਸਾਂਭਿਆ। ਜੇ ਲਾਟ ਦੀ ਘੋੜੀ ਵਾਲਿਆਂ ਆਖਿਆ ਕਿ ਰਤਾ ਕੁ ਪਿੱਛੇ ਹੋ ਜਾਈਂ, ਇਹ ਨਾ ਵਿਕਿਆ, ਨਾ ਡਰਿਆ, ਘੋੜਾ ਸਤਿਗੁਰਾਂ ਦਾ ਹੀ ਜਿਤਾਇਆ।

ਨਾਰਲੀ ਦੇ ਇਕ ਸਿੰਘ ਬਿਬੇਕਾ ਸਿੰਘ ਦੀ ਬੜੀ ਸ਼ਾਨ ਸੀ।

ਭੈਣੀ ਸਾਹਿਬ ਦੇ ਮੰਦਰ ਜਗ੍ਹਾ ਜੋ ਬਣੀਆਂ ਹਨ, ਹੁਣ ਮਹਾਰਾਜ ਜਗਜੀਤ ਸਿੰਘ ਦੁਆਰਾ, ਇਹ ਹੁਣ ਹੀ ਬਣਨੇ ਸਨ। ਮੈਂ ਸੁਪਨੇ ਵਿਚ ਵੇਖਿਆ ਸੀ, ਇੱਥੇ ਬਹੁਤ ਮੰਦਰ ਬਣੇ ਸਨ, ਜਿਵੇਂ ਸੱਚਖੰਡ ਹੋਵੇ।

(ਆਪਣੇ ਸਿੰਘ) ਇਕ ਗੁਰਮੁਖ ਸਿੰਘ ਨੂੰ, ਦੂਜੇ ਲੋਕ ਨਹਿਰ ਦੇ ਡੇਰੇ ਤੇ ਕੁੱਟ ਰਹੇ ਸਨ, ਹੀਰਾ ਸਿੰਘ ਕੂਹਣੀ ਮਾਰ ਖੁੱਡੀ ਅਤੇ .... ਬੇੜੀ ਮੱਲ ਸਿੰਘ ਠੇਠਰ ਸੀ ਵਾਲਾ ਬਹਾ ਲੈ ਗਿਆ ਕਾਕੂ ਨਾਲ -(ਦੋਹਾਂ ਸਿੰਘਾਂ ਨੇ) ਢੰਡਿਆਂ ਵਾਲੇ (ਸਰਹਿੰਦ ਨਹਿਰ ਦੇ ਡੇਰੇ ਨੇੜੇ ਇਕ ਪਿੰਡ) ਸਾਰੇ ਅੱਗੇ ਲਾ ਲਏ।

ਕਾਕੂ ਬੇੜੀ ਵਾਲੇ ਨੇ, ਸਤਿਗੁਰੂ ਪਰਤਾਪ ਸਿੰਘ ਨੂੰ ਇਹ ਬਚਨ ਸੁਣਾਇਆ ਕਿ ਜਦੋਂ ਇਹ ਦੋਵੇਂ ਸਿੱਖ ਕਿਸ਼ਤੀ ਵਿਚ ਚੜ੍ਹੇ ਤਾਂ ਥੋੜ੍ਹਾ ਅੱਗੇ ਇਉਂ ਲੱਗਾ ਕਿ ਕਿਸ਼ਤੀ ਸਾਰੀ ਹੀ ਸ਼ਹੀਦ ਸਿੰਘਾਂ ਦੀ ਭਰੀ ਹੋਵੇ।

ਅੱਗੇ ਸਾਖੀ ਮੱਲ ਸਿੰਘ ਠੇਠਰ ਕੀ ਚਲੀ (ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਸਿੱਖ)

- ਪਹਿਲੇ ਦਿਨ ਪੂਨੀਆ ਦਾ ਮੁੰਡਾ, ਡੇਰੇ ਦਾ ਰਾਖਿਆਂ ਤੋਂ ਜਬਰੀ ਘਾਹ ਵੱਢਣ ਵਾਲਾ ਕੁੱਟ ਕੇ ਉਹਨੂੰ ਤਾਪ ਚੜ੍ਹਾਇਆ।

– ਉਦੋਂ ਅਗਲੇ ਦਿਨ (ਡੇਰੇ ਦੇ ਘਾਹ ਦਾ ਉਜਾੜਾ ਕਰਨ ਵਾਲੇ) ਝੋਟੇ ਨਾਲ ਮੁਕਾਬਲਾ।

His teachings strongly emphasised respect for elders, dignity for labour, gentle speech, patience, forgiveness, honesty, and the rejection of dependence on another's earnings. He regarded freedom as an essential aspect of *dharma* and lived with compassion toward all living beings. In later years, a wide range of movements and leaders—including Ghadar writers, Akali leaders, Babbar Akalis, Shaheed Bhagat Singh, Kirti Kisan activists, and Praja Mandal movements acknowledged the sacrifices of the Kukas and the enduring significance of Satguru Ram Singh Ji's contribution.

The Kuka Movement was fundamentally a people's movement, drawing participation from farmers, artisans, former soldiers, patriotic thinkers, and ordinary working communities. Its character was anti-colonial, anti-feudal, egalitarian, and non-sectarian.Subsequent movements drew strength from the path it had established. Even today, Satguru Ram Singh Ji's teachings remain relevant in addressing issues such as women's dignity, agrarian distress, and the liberation of youth from intoxicants. He continues to stand as one of the most significant figures in the moral and social history of the Indian subcontinent.

Taken as a whole, Satguru Ram Singh Ji's work cannot be confined to a single category. He was a spiritual guide as well as a reformer. He revived Sikh discipline while simultaneously confronting social injustice. He organised a religious community, yet also established a moral and political framework of resistance. Alongside the teaching of *Naam* and *Gurbani*, he emphasised honest labour, women's dignity,*swadeshi* (self-reliance), non-cooperation, community-based justice, disciplined organisation, and freedom from fear.

The Kuka Movement under his leadership was therefore not merely an episode of protest, but a comprehensive programme of life. Its aim was to restore the inner strength of individuals, rebuild the moral fabric of society, revive *GurSikhi*, and prepare the people to resist foreign domination. Satguru Ram Singh Ji understood that political freedom could not be separated from moral integrity, social reform, and spiritual discipline. A community bound by intoxication, greed, superstition, dishonesty, and dependence on external systems could not attain true freedom.

This was the deeper meaning of his mission. He did not begin by raising armies in the conventional sense; he began by shaping individuals. He cultivated disciplined men and women capable of living simply, serving collectively, earning honestly, rejecting injustice, and remaining independent of colonial structures. His resolve to create “Ram Singh in every household” was not a statement of personal ambition, but a vision that every home should become a centre of discipline, courage, *Naam*, service, and self-respect.

........................................................

# MURDER OF BEEF BUTCHERS

# BY KUKAS



**Edited by: Dr. Gurdev Singh Sidhu**
9417049417

64. Major Davies studied it carefully, and wrote to me pointing out the omission of a passage in one of the quotations (a copyist's mistake). He said that he did this as the memorandum would probably be widely read in connection with the case.

65. Major Birch wrote - "May I be permitted to express my acknowledgment and thanks for the utter impartiality of your summing up. I quite agree with its conclusions as to the cause of the whole thing."

66. Mr. Christie wrote - "I am very thankful to you for the copy of the memorandum sent to me last evening. I had not seen it before, and had never looked at the case in the light you have put it." opinions of the memorandum.

**67. My object in quoting favorable opinions of the memorandum.**

I have not mentioned these opinions in any conceit regarding the authorship of what is little more than a precis of correspondence such as could have been drawn in better form by many an intelligent head clerk in the province, but in order to show that care was taken in the preparation of the review of the case, and in the hope that this may be considered to give me a right to speak now at its conclusion, or what I think should be its conclusion.

68**. Opinion that further enquiry wouldnot be advisable.**

The opinion then is that no good would be obtained, while a considerable amount of mischief might possibly be done, by instituting further proceedings in this case.

69. The grounds of this opinion are—

1st. - **Proofs not reliable. T**hat no reliance could be placed on assertions and asserted proofs brought forward at this late stage of the proceedings.

70. 2nd. **Further proceedings not wished for locally.** That there is no wish on any one's part locally to have the matter prolonged; the statements made by Jai Ram to me were in answer to questions; otherwise I am confident that he has no wish whatever to move further in the matter; he is only too thankful to escape the consequences of his act of perjury. When told that the prosecution was at an end, he threw himself on the ground and embraced my feet.

71. 3rdly. **The relinquishment of the prosecution of Jai Ram makes a natural conclusion.** Things have come to a natural conclusion now by the relinquishment of the prosecution of Jai Ram, I feel justified in saying that the wisdom and expediency of that relinquishment is very generally appreciated at Amritsar. I have received numerous native opinions of weight on the subject, some sought by me, others quite volunteered, but all to the same effect, namely, that the speakers rejoiced that the prosecution was given up and the matter at an end. What they had evidently anticipated was a raking up of all the feelings, accusations and recriminations of those now nearly forgotten days, with perhaps an added batch of fresh accusations intended to better Jai Ram's defence.

72. **Native gentlemen consulted.**

The men I have spoken to include Raja Sir Saheb Dyal and Sardar Mangal Singh. There were others of weight, but I mention these two as especially entitled to speak.

73. **Raja Sir Saheb Dyal.**

Raja Saheb Dyal considered it a very fortunate circumstance that the prosecution was relinquished, as it would have needlessly revived so much that had better remain at rest.

74. **Sardar Mangal Singh.**

Sardar Mangal Singh was particularly emphatic in expressing the same views, and he reminded me, as giving him a right to speak, that it was he who immediately in the midst of the disaffected spirit handed up Dewa Singh, who took the cow's bone into the Darbar temple.

75. Most strongly therefore am I inclined to deprecate the institution of proceedings which would have the effect of rendering the above hopes that the matter is now dismissed for good and all nugatory.

76. **Political and judicial objections.**

This is perhaps a political view of the case but I have noted my judicial objection also, based on the fact that evidence now obtained would be untrustworthy.

77. **Jai Ram has shown an inclination to try and prove too much.**

The fact that Jai Ram has shown an inclination to try and prove too much is an instance of the amount of principle he might be expected to display if he were embarked against the police again, with a back-ground of mischievous backers, as complainant or witness

**78. Complainants in Munna Singh versus Aya and others represented that Jai Ram was well treated by the Police.**

I may mention with regard to this that the complainants and witnesses in the case of Munna Singh versus Aya, and also in the preliminary trial of Jai Ram for committal to the sessions, have all stated that Jai Ram was in good case and well treated all the time, accompanying Mr. Christie when he went out, and well treated by the Police. Mr. Christie has assured me that he was well treated throughout.

79. 4thly. **Opinion that the officers acted in good faith.**

It is my belief and opinion that, although they may have erred from over zeal

and anxiety caused by the pressure of the times, the officers concerned acted in good faith.

**Quotation from a letter from Major Davies.**

With regard to this I transcribe a portion of a demi-official letter, dated 16th May 1874, from Major W. Davies to my address, on this subject. He writes, -"I have been looking over my demi-official letter to Griffin. I find it has scarcely anything in it that is not in my official on the same subject. I will copy what I said about Christie in it. Here it is-

"So far as regards the Deputy Commissioner, Baillie, and myself, there still remains Christie himself, and it will be asked how it was possible that he was duped, and indeed, it will perhaps be suggested whether he was not a party to the fabrication. As regards the latter I will say once for all - and I may add that Colonel Baillie entirely agrees with me in this - that Mr. Christie has, I believe, acted throughout in thoroughly good faith. There is no doubt whatever that he has been the dupe of a set of artful men, of whom one is a man of the name of Moree, formerly a noted *badmash* of the city, and who for some time past has been employed by Mr. Christie as an informer. This man, Moree, it appears, concocted the story which was afterwards brought forward with Hira Singh in the hope of getting the reward of Rs. 1,000 which was offered to anyone who would give a clue to the murderers; and they afterwards induced Aya, another noted *badmash* of the city, to join them. Hira Singh had formerly, it appears, been in the service of Sardar Bhugwan Singh, and was known to be a good actor. When this amount of evidence had been obtained the parties accused were of course informed, and, Jai Ram being probably known to Moree and his assistants as the one most open to the influences at their command, - hope and fear, these influences were brought to bear upon him till he gave way and agreed to support the statements made by Hira and Aya. As soon as he agreed to this he was taken before Mr. Christie. Such is, I believe, the explanation of the manner in which Mr. Christie was taken in. In a less important case he might have been induced to look more closely into the way in which the evidence was brought forward, but his anxiety to discover the murderers, combined with his knowledge that the men accused were those who had been actually engaged throughout in the recent disturbances in the city, led him at once to accept, without suspicion, the admissions made by Jai Ram nor is it wonderful that he was deceived, seeing that one of the shrewdest men in the Punjab, Rai Mul Singh, was equally deceived; for I cannot believe that either he or Sardar Bhugwan Singh would willingly lend themselves to putting forward a case which they knew to be false and fabricated."

This I think you will find is very much what I afterwards wrote in my official report. At the end of my letter I said that I had placed Hira, Aya, and Jai Ram on security, as Government might perhaps wish to try them for giving false evidence. I added- "I don't think Jai Ram should be prosecuted, both because the false statement he did make was made

under extreme moral pressure, and because he eventually told the truth and enabled us to get rid of a very disagreeable case."

80. **Arguments for continuing enquiry. Articles in the papers.**

I am aware of the arguments that may be put forward in favor of continuing enquiry. They find full expression in the articles that have lately appeared in the *Indian Public Opinion*, and in the abstract of course all the sentiments expressed are sensible and right, and such as under ordinary circumstances I should wish to be guided by; but the circumstances of the present case are certainly now peculiar, and the position in which I am placed is somewhat peculiar also. I can only advise on my own judgment and to the best of my ability.

81. **Assertion in the papers that eager anxiety is felt about the case exaggerated.**

One assertion made by the writer in the Lahore paper I deny the correctness of, namely, that the matter is one regarded with eager curiosity by the community at large. This is an unfounded exaggeration; there may be individuals or a section of the community at Lahore who feel an interest in the matter; otherwise, I assert that the interest in the whole case at Amritsar, where, if anywhere, an anxiety to see justice done, if it were deemed necessary, should exist, is utterly at zero, and thus on this account great disquietude was felt at the prospect of Jai Ram's trial and consequent relief experienced when that was relinquished.

82. **Quotation from a letter from Major Birch.**

If anything would incline me at this late stage to recommend a raking up of the past by a fresh enquiry, it would be the following sensible and judicious passage from a letter from Major F. Birch to my address, dated the 7th May 1874. (I have courted opinions from all with reference to the advisability of further proceedings or otherwise.) Major Birch writes- "I deprecate on the part of the Government or the higher courts any attempt to interfere with the course of justice; it looks, as the papers say, as if the matter was being hushed up, and these tremendous allegations may all be blown to the winds in the usual course of things, while, if impeded, they gather force, and may eventually take a much more mischievous form."

83. **My opinion is still that the time for further proceedings has gone by.**

I acknowledge the force and truth of this passage, and under ordinary circumstances and feelings, if the matter were only a year old, I should close hands with the policy thus enunciated. But with Amritsar and its class feelings and personal animosities in my mind, and in view of the difficulty that would now attend the task of attempting to obtain reliable evidence, while assertion and false evidence might be provided in profusion to carry out party feeling and animosity, and further with the knowledge which I reiterate, that there is the reverse of any local anxiety to have the matter raked up again, I say once for all that I think the time gone by.

**to be continued**

.......................................................

# ਕਾਵਿ ਕਿਆਰੀ

## ਕੋਟ ਕੋਟਿ ਪ੍ਰਣਾਮ ਹੈ



ਬਾਲ ਲੀਲ੍ਹਾ ਵਿਚ ਤੁਸੀਂ ਬੜੇ ਕੌਤਕ ਰਚਾਏ ਸਨ,
ਗੇਂਦ ਚੁਕਵਾਕੇ ਜੇਲ੍ਹੋਂ ਪੁੱਤ ਛੁਡਵਾਏ ਸਨ,
ਪੂਰੇ ਹੋਏ ਬਚਨ ਜੋ ਕੀਤਾ ਫਰਮਾਨ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

1947 ਦੀ ਵੰਡ ਸਮੇਂ ਤੁਸਾਂ ਸਭ ਨੂੰ ਸੰਭਾਲਿਆ,
ਕੱਲ੍ਹੇ-ਕੱਲ੍ਹੇ ਦੁਖੀ ਤਾਈਂ ਆਪ ਗੱਲ ਲਾ ਲਿਆ,
ਬੇਅੰਤ ਪਾਤਸ਼ਾਹ ਦੇ ਖੇਡ ਅੱਗੇ ਸਾਰਾ ਜੱਗ ਕੁਰਬਾਨ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਬੁਰਿਆਂ ਦੇ ਭਲੇ ਤਾਈਂ ਹੋਕਾ ਵੱਡਾ ਲਾਇਆ ਸੀ,
ਕੋਲ ਸੱਦ ਤੁਸਾਂ ਉਹਦਾ ਸਭ ਦੁੱਖ ਦਰਦ ਮਿਟਾਇਆ ਸੀ,
ਚੰਗਾ ਕੰਮ ਕਰੇ ਉਹਨੂੰ ਸਦਾ ਦਿੱਤਾ ਇਨਾਮ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਧਰਮਾਂ ਦੇ ਝੇੜੇ ਤੁਸਾਂ ਜੱਗ ਦੇ ਮੁਕਾਏ ਸਨ,
ਸਭ ਆਪਣੇ ਗੁਰੂ ਉਪਦੇਸ਼ ਮੰਨੋ ਤੁਸਾਂ ਹੁਕਮ ਸੁਣਾਏ ਸਨ,
ਪੱਕੇ ਧਰਮੀਂ ਬਣੋ ਸਭ ਭਾਵੇਂ ਹਿੰਦੂ ਸਿੱਖ ਮੁਸਲਮਾਨ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਸਾਰੀ ਕਾਇਨਾਤ ਦੇ ਬਣੇ ਰਾਖੇ ਤੁਸਾਂ ਸਭ ਨੂੰ ਸੰਭਾਲਿਆ,
ਸੁਧਾਰ ਨਸਲਾਂ ਦੇ ਕਰਕੇ ਸਭ ਚੌਗਿਰਦਾ ਬਚਾ ਲਿਆ,
ਹਰ ਰੁੱਖ, ਜੀਵ, ਪੰਛੀ ਤੁਹਾਡੇ ਦਰ ਕੁਰਬਾਨ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਭਾਸ਼ਾ ਧਰਮ ਬੱਚਾ ਕੇ ਜੱਗ ਸਿੱਧੇ ਰਾਹੇ ਪਾ ਦਿੱਤਾ,
ਕਲਯੁਗੀ ਬੰਦੇ ਬਣਾ ਸਾਧੂ ਤੁਸਾਂ ਸਤਿਜੁਗ ਵਰਤਾ ਦਿੱਤਾ,
ਮਾੜੇ ਕਰਮ ਮਿਟਾਏ ਉਹਨਾਂ ਦਰ ਆਇਆਂ ਜੋ ਇਨਸਾਨ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਰਾਗ ਵਾਲੀ ਸਾਜ ਵਾਲੀ ਬਖਸ਼ਿਸ਼ ਤੁਸਾਂ ਵਰਤਾਈ ਹੈ,
ਘਰ-ਘਰ ਸੰਗੀਤ ਹੋਵੇ ਵੱਜੇ ਰਬਾਬ ਸਿਤਾਰ ਸ਼ਹਿਨਾਈ ਹੈ,
ਵੰਡੀ ਸੰਗੀਤਕ ਖੁਸ਼ਬੋ ਐਸੀ ਮਾਣੇ ਕੁੱਲ ਜਹਾਨ ਹੈ
ਧਮਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਪੁੱਤ ਧੀ ਦੁਨਿਆਈ ਸੁੱਖ ਸਭ ਨੂੰ ਘਨੇਰੇ ਦਿੱਤੇ,
ਅੰਨ ਜਲ ਮੇਘ ਦਿੱਤੇ ਰੌਸ਼ਨ ਸਵੇਰੇ ਦਿੱਤੇ,
ਦੇਸ਼ਾਂ ਮਜਹਬਾਂ ਸਾਂਝੇ ਦਾਤੇ ਤੁਸੀਂ ਕੋਈ ਸ਼ਹਿਰ ਜਾਂ ਗਰਾਮ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਕੰਗ ਕੀ ਕਰੇ ਸਿਫਤ ਸਤਿਗੁਰ ਜੱਗ ਤਾਰਨ ਹਾਰੇ ਤੁਸੀਂ,
ਨਿਮਾਣੇ, ਨਿਤਾਣੇ, ਨਿਆਸਰਿਆਂ ਦੇ ਬਣੇ ਸਹਾਰੇ ਤੁਸੀਂ,
ਰਹਿਮਤ ਤੁਹਾਡੀ ਗਿਣ ਸਕੇ ਕਾਗਜ਼ ਕਲਮ ਨਾਂ ਬਣੀ ਜ਼ੁਬਾਨ ਹੈ
ਧੰਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

ਬੱਚੇ ਜਵਾਨ ਬੁੱਢੇ ਸਾਰੇ ਤੁਸਾਂ ਪ੍ਰੇਮ ਹੀ ਐਸਾ ਵੰਡ ਦਿੱਤਾ,
ਹੋਈ ਕ੍ਰਿਪਾ ਰੂਹਾਨੀ ਸਦਾ ਤੁਸਾਂ ਥਾਪੜਾ ਜਿਸ ਵੀ ਕੰਡ ਦਿੱਤਾ,
ਮੇਰੇ ਸਤਿਗੁਰੂ ਮੇਰੇ ਸਤਿਗੁਰੂ ਕਹੇ ਹਰ ਇਨਸਾਨ ਹੈ
ਧਮਨ ਗੁਰੂ ਜਗਜੀਤ ਸਿੰਘ ਤੁਹਾਨੂੰ ਕੋਟ ਕੋਟਿ ਪ੍ਰਣਾਮ ਹੈ।

**ਜਗਮੋਹਨ ਸਿੰਘ ਟਮਕੌਦੀ**
8194900027

# ਸੁੱਚੇ-ਮੋਤੀ

**ਸਦ-ਉਪਦੇਸ਼**

27 ਜਨਵਰੀ 1962 ਈ. ਨੂੰ ਜੀਵਨ ਨਗਰ ਵਿਖੇ, ਮੇਰੇ ਕੋਠੀ ਜਾਂਦਿਆਂ ਨੂੰ ਸਤਿਗੁਰੂ ਜੀ ਨਵੇਂ ਗੈਰਿਜ ਦੀ ਉਸਾਰੀ ਪਾਸ ਖਲੋਤੇ ਉਸਾਰੀ ਵੇਖ ਰਹੇ ਸਨ। ਫਿਰ ਚੱਲਦੇ ਫਿਰਦਿਆਂ ਦੂਜੀ ਵਾਰ ਮਿਲਣ 'ਤੇ ਬਹੁਤ ਸਾਰੀਆਂ ਗੱਲਾਂ ਹੋਰ ਦੱਸ ਕੇ ਆਖਿਆ- "ਜੇ ਕੋਈ ਕਦੇ ਦਿਲ ਦੀ ਰੰਜਿਸ਼ ਖ਼ਤਮ ਕਰ ਹੱਥ ਮਿਲਾਣ ਲਈ ਅੱਗੇ ਵਧਾਏ ਤਾਂ ਉਹਦੇ ਚਰਨੀਂ ਹੱਥ ਲਾ ਦੇਣਾ ਵੀ ਵਾਜਬ ਹੀ ਹੈ। ਇਸ ਹਾਰਦਿਕਤਾ ਨਾਲ ਦੂਜਾ ਪਾਸਾ ਜਿੱਤਿਆ ਜਾ ਸਕਦਾ ਹੈ।"

**ਜਾਦੂ ਟੂਣੇ ਵਿਅਰਥ ਹਨ**

5 ਮਾਰਚ 1962 ਈ. ਨੂੰ ਜੀਵਨ ਨਗਰ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੰਤ ਰੂੜ ਸਿੰਘ ਜਥੇਦਾਰ ਦੇ ਘਰ ਹੋ ਰਿਹਾ ਸੀ। ਸਤਿਗੁਰੂ ਜੀ ਨੇ ਉੱਥੇ ਦਰਸ਼ਨ ਦਿੱਤੇ। ਅਖੰਡ ਪਾਠ ਦਾ ਇੱਕ ਭੋਗ ਵੀ ਆਪ ਜੀ ਦੀ ਹਜ਼ੂਰੀ ਵਿੱਚ ਪਿਆ। ਵਾਰ ਦੀ ਸਮਾਪਤੀ ਪਿੱਛੋਂ ਕਿਸੇ ਸਿੰਘ ਦਾ ਕੇਸ ਸਤਿਗੁਰੂ ਜੀ ਸਾਹਵੇਂ ਆਇਆ ਕਿ ਉਹ ਦੀ ਨੂੰਹ ਜਾਂ ਧੀ 'ਤੇ ਜਾਦੂ ਟੂਣੇ ਦਾ ਅਸਰ ਹੋ ਰਿਹਾ ਹੈ। ਸਤਿਗੁਰਾਂ ਸਪੱਸ਼ਟ ਕੀਤਾ ਕਿ ਕਿਸੇ ਜਾਦੂ ਟੂਣੇ ਦਾ ਅਸਰ ਨਹੀਂ ਹੁੰਦਾ। ਇਹ ਸਾਡੇ ਮਨਾਂ ਦੀ ਕਮਜ਼ੋਰੀ ਹੈ ਜੁ ਅਜਿਹੇ ਵਾਕਿਆਤ ਹੋ ਜਾਂਦੇ ਹਨ।

**ਫਜ਼ੂਲ ਖਰਚ ਜ਼ਰੂਰ ਰੋਕਾਂਗਾ**

5 ਦਸੰਬਰ 1962 ਈ. ਨੂੰ ਜੀਵਨ ਨਗਰ ਵਿਖੇ ਬੈਠਿਆਂ ਸ੍ਰ. ਅਨੂਪ ਸਿੰਘ ਰੀਟਾਈਰਡ ਐਸ. ਪੀ. ਕਿਸੇ ਦੇ ਵਿਆਹ ਦੀ ਸਿਫਾਰਸ਼ ਲੈ ਕੇ ਆਏ। ਉਹਨਾਂ ਬਖਸ਼ਿਸ਼, ਸਿੱਖ ਦਾ ਕਰਤੱਵ, ਸਤਿਗੁਰੂ ਦੀ ਦਿਆਲਤਾ ਆਦਿ 'ਤੇ ਵਿਚਾਰ ਕਰ ਕਰਵਾ ਕੇ ਜਦੋਂ ਉਸ ਵਿਆਹ ਬਾਰੇ ਗੱਲ ਕੀਤੀ, ਜਿਸ ਮਨੋਰਥ ਲਈ ਆਏ ਸਨ ਤਾਂ ਸਤਿਗੁਰੂ ਜੀ ਨੇ ਸਾਫ਼ ਕਿਹਾ- "ਜੇ ਮੇਰੇ ਪਾਸ ਬੈਠਣ ਵਾਲੇ ਹੀ ਇਸ ਤਰ੍ਹਾਂ ਕਰਨ ਤਾਂ ਮੈਂ ਕਿਸਨੂੰ ਰੋਕਾਂਗਾ? ਮੈਨੂੰ ਭਾਵੇਂ ਕੱਲੇ ਨੂੰ ਗੜਵਾ ਫੜ੍ਹਕੇ ਤੁਰਨਾ ਪਵੇ ਪਰ ਮੈਂ ਮੰਗਣੀਆਂ ਮੁਕਲਾਵਿਆਂ ਦਾ ਖ਼ਰਚ ਜ਼ਰੂਰ ਰੋਕਾਂਗਾ। ਸਤਿਗੁਰੂ ਕਿਰਪਾ ਕਰਨਗੇ, ਮੈਨੂੰ ਸਫ਼ਲਤਾ ਮਿਲੇਗੀ।" ਸਤਿਗੁਰੂ ਜੀ ਦੀ ਕਮਾਲ ਦੀ ਦ੍ਰਿੜ੍ਹਤਾ ਸੀ।

**ਜਚਦੇ ਕੌਣ ਹਨ?**

ਇੱਕ ਦਿਨ ਸਤਿਗੁਰੂ ਜੀ ਨੇ ਬਚਨ ਬਿਲਾਸ ਚਲਦਿਆਂ ਫ਼ਰਮਾਇਆ- "ਮੈਨੂੰ ਜ਼ਬਾਨੀ ਕਲਾਮੀ ਵਧੇਰੇ ਪ੍ਰਸੰਸਾ ਕਰਨ ਵਾਲੇ ਨਹੀਂ ਜਚਦੇ। ਅਸਲੀ ਪ੍ਰਸੰਸਕ ਤਾਂ ਉਹ ਹਨ ਜੁ ਮੇਰੀ ਇੱਛਾ ਨੂੰ ਸਮਝਕੇ ਸਾਰੇ ਕੰਮ ਕਰਦੇ ਹਨ। ਉਹਨਾਂ ਦੇ ਸਾਧਾਰਨ ਸ਼ਬਦਾਂ ਵਿੱਚ ਹੀ ਸੱਚ ਪ੍ਰਗਟ ਹੁੰਦਾ ਰਹਿੰਦਾ ਹੈ।"

**ਮੈਂ ਵਿਹਲਾ ਨਹੀਂ ਬੈਠ ਸਕਦਾ**

10 ਜੁਲਾਈ 1977 ਨੂੰ ਰਮੇਸ਼ ਨਗਰ ਦਿੱਲੀ ਵਿਖੇ ਸੰਗੀਤ ਬੈਠਕ ਤੋਂ ਵਿਹਲੇ ਹੋ ਕੇ ਆਉਂਦਿਆਂ ਸਤਿਗੁਰੂ ਜੀ ਨੇ ਮੈਨੂੰ ਦੱਸਿਆ- "ਇਹ ਵੀ ਕੰਮ ਹੀ ਹੈ। ਮੈਂ ਵਿਹਲਾ ਇੱਕ ਪਲ ਨਹੀਂ ਬੈਠ ਸਕਦਾ। ਸੋ ਕੁਝ ਨਾ ਕੁਝ ਕਰਨਾ ਤਾਂ ਹੁੰਦਾ ਹੀ ਹੈ। ਮੈਂ ਸੋਚਿਆ ਚੱਲੋ ਨਾਮਧਾਰੀ ਬੱਚਿਆਂ ਨੂੰ ਸੰਗੀਤ ਵਿੱਚ ਹੀ ਪਾਰੰਗਤ ਕਰ ਦੇਈਏ।"

**ਸੁਖਨ ਏ ਬੇਅੰਤ ਵਿੱਚੋਂ**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦੇ ਯਮੁਨਾਨਗਰ ਵਿਖੇ ਮਾਤਾ ਜਸਵੰਤ ਕੌਰ ਦੇ ਭੋਗ ਸਮੇਂ ਦਰਸ਼ਨ

ਹਰ ਨਾਮਧਾਰੀ ਪਰਿਵਾਰ ਦਾ ਹਰ ਕਾਰਜ ਜੋ ਸਮੇਂ ਦੇ ਮਾਲਕ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੁੰਦਾ ਹੈ। ਉਸ ਨੂੰ ਗੁਰਸਿੱਖ ਆਪਣੇ ਕਾਰਜ ਦੀ ਸਫਲਤਾ ਸਮਝਦਾ ਹੈ। ਉਹ ਕਾਰਜ ਭਾਵੇ ਕਿਸੇ ਵੀ ਮਨੋਰਥ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੋਵੇ। ਯਮੁਨਾਨਗਰ ਦੇ ਬੀਬੀ ਜਸਵੰਤ ਕੌਰ ਪਤਨੀ ਸ. ਅਮਰ ਸਿੰਘ ਪ੍ਰੇਮ ਨਗਰ ਯਮਨਾਨਗਰ ਦੇ ਅਕਾਲ ਚਲਾਣੇ ਉਪਰੰਤ ਪਰਿਵਾਰ ਦੀ ਭਾਵਨਾ ਸੀ ਕਿ ਮਾਤਾ ਜਸਵੰਤ ਕੌਰ ਦੇ ਨਮਿਤ ਭੋਗ ਸਮਾਗਮ ਅਤੇ ਅੰਤਿਮ ਅਰਦਾਸ ਦਾ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਹੋਵੇ। ਏਸੇ ਹੀ ਪ੍ਰੋਗਰਾਮ ਨੂੰ ਮੁੱਖ ਰੱਖਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 5 ਮਈ 2026 ਦਿਨ ਮੰਗਲਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਯਮਨਾਨਗਰ ਵਿਖੇ ਦਰਸ਼ਨ ਦਿੱਤੇ ਅਤੇ ਸਭ ਤੋਂ ਪਹਿਲਾਂ ਮਾਤਾ ਜਸਵੰਤ ਕੌਰ ਦੇ ਘਰ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਵਿਖੇ ਦਰਸ਼ਨ ਦਿੱਤੇ ਤਾਂ ਸੰਤ ਨਿਸ਼ਾਨ ਸਿੰਘ ਕਥਾ ਕਰ ਰਹੇ ਸਨ। ਇਸ ਤੋਂ ਪਹਿਲਾਂ ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਆਪਣੇ ਜਥੇ ਸਮੇਤ ਦੀਵਾਨ ਸਜਾਇਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਵਨ ਪਵਿੱਤਰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦਾ ਭੋਗ ਮਾਤਾ ਜਸਵੰਤ ਕੌਰ ਨਮਿਤ ਪਾਇਆ ਗਿਆ।

ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸੰਤਾ ਸਿੰਘ ਨੇ ਗੁਰਬਾਣੀ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਕਬੀਰ ਜੀ ਦਾ ਸ਼ਬਦ ਸੀ 'ਇਹੁ ਜੁਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ' ਕਬੀਰ ਜੀ ਦਾ ਦੂਸਰਾ ਸ਼ਬਦ ਸੀ 'ਧੰਨ ਸੁਹਗਨਿ ਜੋ ਪੀਆ ਭਾਵੈ' ਯਮਨਾਨਗਰ ਵਿਖੇ ਹੀ ਸ੍ਰੀ ਸਤਿਗੁਰੂ ਜੀ ਨੇ ਸ. ਗੁਰਨਾਮ ਸਿੰਘ ਪੁੱਤਰ ਸੁਰਜੀਤ ਸਿੰਘ, ਸੰਪੂਰਨ ਸਿੰਘ ਪੁੱਤਰ ਵੀਰ ਸਿੰਘ, ਗੁਰਮੁੱਖ ਸਿੰਘ ਪੁੱਤਰ ਗਹਿਣਾ ਸਿੰਘ ਅਤੇ ਜੋਗਿੰਦਰ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸਾਰੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਦਿੱਲੀ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.................................................................

## ਨਾਮਧਾਰੀ ਗੁਰਦਵਾਰਾ ਦਿੱਲੀ ਵਿਖੇ ਬੀਬੀ ਨਰਿੰਦਰ ਕੌਰ ਯੂ.ਕੇ. ਨਮਿਤ ਭੋਗ ਸਮਾਗਮ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਅਤੀ ਰੁਝੇਵਿਆਂ ਭਰੇ ਸਮੇਂ ਵਿਚੋਂ ਉਚੇਚਾ ਸਮਾਂ ਨਾਮਧਾਰੀ ਪੰਥ ਦੀ ਛੋਟੀ ਪਨੀਰੀ ਅਤੇ ਨੌਜਵਾਨਾਂ ਨੂੰ ਦੇ ਕੇ ਨਿਵਾਜ਼ਦੇ ਹਨ। ਭਾਵੇ ਖੇਡ ਦਾ ਮੈਦਾਨ ਹੋਵੇ ਸਕੂਲ ਜਾ ਅਕੈਡਮੀ ਸਮੇਂ-ਸਮੇਂ ਬੱਚਿਆਂ ਨੂੰ ਨੇੜੇ ਹੋ ਕੇ ਆਪਣੀ ਬਖਸ਼ਿਸ਼ ਨਾਲ ਨਿਵਾਜਦੇ ਹਨ। ਪਿਛਲੇ ਦਿਨੀ ਮਿਤੀ 6 ਮਈ 2026 ਦਿਨ ਬੁੱਧਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਦਿੱਲੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਵਲੋਂ ਸਥਾਪਿਤ ਸ਼ਹੀਦ ਬਿਸ਼ਨ ਸਿੰਘ ਸੀਨੀਅਰ ਸਕੈਂਡਰੀ ਸਕੂਲ ਵਿਖੇ ਦਰਸ਼ਨ ਦਿੱਤੇ ਅਤੇ ਬੱਚਿਆਂ ਨਾਲ ਨੇੜੇ ਹੋ ਕੇ ਬੈਠਣ ਦਾ ਮੌਕਾ ਪ੍ਰਦਾਨ ਕੀਤਾ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਅਤੇ ਸਮੁੱਚਾ ਸਟਾਫ ਹਾਜ਼ਰ ਸੀ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨਾਲ ਬਹੁਤ ਪ੍ਰੇਮ ਪਿਆਰ ਨਾਲ ਕੁਝ ਸਵਾਲ ਕੀਤੇ ਅਤੇ ਬੱਚਿਆਂ ਨੇ ਉਹਨਾਂ ਸਵਾਲਾਂ ਦੇ ਜਵਾਬ ਸ੍ਰੀ ਸਤਿਗੁਰੂ ਜੀ ਦੀ ਬਖਸ਼ੀ ਬੁੱਧੀ ਅਨੁਸਾਰ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਨੇੜਤਾ ਪ੍ਰਾਪਤ ਕਰਕੇ ਬੱਚਿਆਂ ਦੇ ਚੇਹਰੇ ਤੇ ਵੱਖਰੀ ਕਿਸਮ ਦੀ ਖੁਸ਼ੀ ਸੀ ਜਿਸ ਨੂੰ ਉਹ ਅਨੁਭਵ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਰੋਜ਼ਾਨਾ ਜ਼ਿੰਦਗੀ ਵਿਚ ਵਿਚਰਦੇ ਹੋਏ ਸਹਿਜ ਸੁਭਾ ਕੰਮ ਆਉਣ ਵਾਲੇ ਅਹਿਮ ਨੁਕਤਿਆਂ ਤੋਂ ਜਾਣੂ ਕਰਵਾਇਆ। ਸਮੁੱਚੇ ਸਕੂਲ ਦੇ ਸਟਾਫ ਅਤੇ ਬੱਚਿਆਂ ਨੇ ਇਸ ਖੁਸ਼ੀ ਭਰੇ ਮਹੌਲ ਦਾ ਭਰਭੂਰ ਅਨੰਦ ਮਾਣਿਆ।

**ਸੂਬਾ ਬਲਵਿੰਦਰ ਸਿੰਘ ਝੱਲ**

.................................................................

## ਨਾਮਧਾਰੀ ਗੁਰਦਵਾਰਾ ਦਿੱਲੀ ਵਿਖੇ ਬੀਬੀ ਨਰਿੰਦਰ ਕੌਰ ਯੂ.ਕੇ. ਨਮਿਤ ਭੋਗ ਸਮਾਗਮ

ਮਿਤੀ 6 ਮਈ 2026 ਦਿਨ ਬੁੱਧਵਾਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਬੀਬੀ ਨਰਿੰਦਰ ਕੌਰ ਯੂ.ਕੇ. ਨਮਿੱਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਜਥੇ. ਦਰਸ਼ਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ ਅਤੇ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਦੇ ਰੂਪ ਵਿਚ ਹਾਜਰੀ ਭਰੀ। ਬੀਬੀ ਨਰਿੰਦਰ ਕੌਰ ਦੀ ਬੇਟੀ ਆਤਮਾਂ ਕੌਰ ਨੇ ਆਪਣੀ ਮਾਤਾ ਦੀ ਯਾਦ ਵਿਚ ਸ਼ਰਧਾਜਲੀ ਸ਼ਬਦ ਬੋਲੇ। ਭੋਗ ਸਮਾਗਮ ਸਮੇਂ ਹਜ਼ੂਰੀ ਰਾਗੀ ਬਲਵੰਤ ਸਿੰਘ ਦੇ ਜਥੇ ਵਲੋਂ ਕੀਰਤਨ ਸਮੇਂ ਗੁਰੂ ਤੇਗ ਬਹਾਦਰ ਜੀ ਦਾ ਸ਼ਬਦ 'ਸਾਧੋ ਇਹ ਤਨੁ ਮਿਥਿਆ ਜਾਨਓ' ਗਾਇਨ ਕੀਤਾ ਗਿਆ। ਅਤੇ ਪੰਜਵੇ ਪਾਤਸ਼ਾਹ ਜੀ ਦਾ ਸ਼ਬਦ 'ਈਹਾ ਖਾਟਿ ਚਲਹੁ ਹਰਿ ਲਾਹਾ' ਪੜ੍ਹਿਆ ਗਿਆ। ਬੀਬੀ ਨਰਿੰਦਰ ਕੌਰ ਯੂ.ਕੇ. ਸੂਬਾ ਅਰਵਿੰਦ ਸਿੰਘ ਦਿੱਲੀ ਦੇ ਵੱਡੇ ਭੈਣ ਸਨ। ਜੋ ਪਿਛਲੇ ਦਿਨੀ ਚੜ੍ਹਾਈ ਕਰ ਗਏ ਸਨ। ਉਹਨਾਂ ਦੇ ਸਪੁੱਤਰ ਅਵਤਾਰ ਸਿੰਘ ਅਤੇ ਬੇਟੀ ਆਤਮਾ ਕੌਰ ਦੀ ਇੱਛਾ ਸੀ ਕਿ ਉਹਨਾਂ ਦੀ ਮਾਤਾ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਜਾਏ। ਇਸ ਲਈ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਨੋਇਡਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਿਤੀ 5 ਮਈ 2026 ਦਿਨ ਮੰਗਲਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਯਮਨਾਨਗਰ ਦੇ ਇਕ ਭੋਗ ਸਮਾਗਮ ਦੀ ਸਮਾਪਤੀ ਉਪਰੰਤ ਨੋਇਡਾ (ਉੱਤਰ ਪ੍ਰਦੇਸ) ਵਿਖੇ ਸੈਕਟਰ 168 ਟਾਵਰ 7/102 ਪਾਰਮ ਸੀਜਨ ਵਿਖੇ ਸ. ਪਰਮਿੰਦਰ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਕਰਯੋਗ ਹੈ ਕਿ ਕਿ ਸ. ਪਰਮਿੰਦਰ ਸਿੰਘ ਦੀ ਧਰਮ ਪਤਨੀ ਬੀਬੀ ਮਨੀਤ ਕੌਰ ਜੋ ਕਿ ਪਿਛਲੇ ਦਿਨੀਂ ਚੜਾਈ ਕਰ ਗਏ ਸਨ। ਬੀਬੀ ਮਨੀਤ ਕੌਰ ਜੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜਸ ਦੇ ਪਾਤਰ ਬੀਬੀ ਜਸਦੀਪ ਕੌਰ (ਦੀਪੀ) ਪਤਨੀ ਸ. ਚਰਨ ਸਿੰਘ ਜੰਮੂ ਵਾਲਿਆਂ ਦੀ ਬੇਟੀ ਸੀ। ਬੀਬੀ ਮਨੀਤ ਕੌਰ ਦੇ ਚੜਾਈ ਕਰਨ ਤੇ ਉਸ ਨਮਿਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਮਿਤੀ 3 ਮਈ 2026 ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਪਾਇਆ ਗਿਆ। ਇਸ ਸਮੇਂ ਸ੍ਰੀ ਭੈਣੀ ਸਾਹਿਬ ਤੋਂ ਰਾਗੀ ਸਤਨਾਮ ਸਿੰਘ ਦੇ ਜਥੇ ਵਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਰਿਵਾਰ ਨੂੰ ਹੌਸਲਾ ਬਖਸ਼ਣ ਲਈ ਨੋਇਡਾ ਵਿਖੇ ਉਹਨਾਂ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨੋਇਡਾ ਵਿਖੇ ਹੀ ਇਕ ਹੋਰ ਪਰਿਵਾਰ ਦੇ ਅਰਜ ਕਰਨ ਤੇ ਸ. ਸਤਵੀਰ ਸਿੰਘ ਪੁੱਤਰ ਸ. ਅਵਤਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੋਂ ਹੀ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸ. ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਵੱਖ-ਵੱਖ ਇਲਾਕਿਆਂ ਦੀ ਸਾਧ ਸੰਗਤ ਨੂੰ ਦਰਸ਼ਨ ਦੀਦਾਰੇ ਦੇਣ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਿਤੀ 6 ਮਈ 2026 ਦਿਨ ਬੁੱਧਵਾਰ ਨੂੰ ਦਿੱਲੀ ਤੋਂ ਵਾਇਆ ਹਿਸਾਰ, ਫਤਿਆਬਾਦ, ਸਿਰਸਾ ਹੁੰਦਾ ਹੋਏ ਬਾਅਦ ਦੁਪਹਿਰ ਰਾਣੀਆ ਸ਼ਹਿਰ ਵਿਖੇ ਮਾਸਟਰ ਮਹਿੰਦਰ ਸਿੰਘ ਦੇ ਪੋਤਰੇ ਅਤੇ ਸ. ਮਨਜੀਤ ਸਿੰਘ ਦੇ ਲੜਕੇ ਗੁਰਸੇਵਕ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਹੌਸਲਾ ਅਤੇ ਧੀਰਜ ਦੇਣ ਲਈ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ। ਮਸਤਾਨਗੜ੍ਹ ਵਿਖੇ ਪਹੁੰਚਣ ਉਪਰੰਤ ਸ਼ਾਮ ਦੇ ਨਾਮ ਸਿਮਰਨ ਦਾ ਟਾਇਮ 6 ਤੋਂ 7 ਰੱਖਿਆ ਗਿਆ। ਸਮੇਂ ਅਨੁਸਾਰ ਅਰਦਾਸ ਹੋਣ ਤੇ ਨਾਮ ਸਿਮਰਨ ਦੀ ਸਮਾਪਤੀ ਬਾਅਦ ਪਿਛਲੇ ਪਹਿਰ ਦਾ ਕੀਰਤਨ ਹਜ਼ੂਰੀ ਰਾਗੀ ਸ. ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸੰਤਾ ਸਿੰਘ ਨੇ ਕੀਤਾ। ਰਾਤ ਮਸਤਾਨਗੜ੍ਹ ਵਿਖੇ ਹੀ ਵਿਸ਼ਰਾਮ ਕੀਤਾ। ਸ. ਪੂਰਨ ਸਿੰਘ ਦੇ ਪਰਿਵਾਰ ਵੱਲ ਜਲ ਪਾਣੀ ਛਕਿਆ। ਸ਼ਾਮ ਨੂੰ

ਅਮਰਾਸਰ ਵਿਖੇ ਮਿਤੀ 7 ਮਈ 2026 ਦਿਨ ਵੀਰਵਾਰ: ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਮਸਤਾਨ ਗੜ੍ਹ ਵਿਖੇ ਹਜ਼ੂਰੀ ਰਾਗੀ ਬਲਵੰਤ ਸਿੰਘ ਦੇ ਜਥੇ ਵਲੋਂ ਸੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ ਗਿਆ। ਵਾਰ ਦੇ ਭੋਗ ਉਪਰੰਤ ਪਿੰਡ ਜਗਜੀਤ ਨਗਰ ਵਿਖੇ ਸ. ਰਤਨ ਸਿੰਘ ਬਾਜਵਾ, ਸ. ਗੁਰਮੀਤ ਸਿੰਘ ਬਾਜਵਾ ਪੁੱਤਰ ਸ. ਹਰਭਜਨ ਸਿੰਘ ਬਾਜਵਾ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਦਮਦਮਾ ਸ. ਕੁਲਦੀਪ ਸਿੰਘ ਕਾਮਰੇਡ ਦੇ ਘਰ ਮਾਤਾ ਆਤਮਾ ਕੌਰ ਦੇ ਚੜ੍ਹਾਈ ਕਰਨ ਤੇ ਦਰਸ਼ਨ ਦਿੱਤੇ।

ਦਮਦਮਾ ਵਿਖੇ ਹੀ ਸ. ਜਸਬੀਰ ਸਿੰਘ ਦੀ ਮਾਤਾ ਭਜਨ ਕੌਰ ਨੂੰ ਦਰਸ਼ਨ ਦਿੱਤੇ। ਮਾਤਾ ਮਨਜੀਤ ਕੌਰ ਪਤਨੀ ਸ. ਕਰਨੈਲ ਸਿੰਘ ਦੇ ਚੜਾਈ ਕਰਨ ਤੇ ਪਿੰਡ ਕਰੀਵਾਲਾ ਵਿਖੇ ਬੀਬੀ ਸਵਰਨ ਕੌਰ ਪਤਨੀ ਸ. ਮੇਹਰ ਸਿੰਘ ਦੇ ਚੜਾਈ ਕਰਨ ਤੇ ਸ. ਸੁਖਦੇਵ ਸਿੰਘ ਪੁੱਤਰ ਸ. ਕੁੰਦਨ ਸਿੰਘ ਨਕਈ ਦੇ ਚੜਾਈ ਕਰਨ ਤੇ ਵਡਾਨੀਆਂ ਥੇੜ ਸ. ਗੁਰਬਚਨ ਸਿੰਘ ਪੁੱਤਰ ਸ. ਹਰਨਾਮ ਸਿੰਘ ਦੇ ਚੜਾਈ ਕਰਨ ਤੇ ਦਰਸ਼ਨ ਦੇਣ ਤੇ ਬਾਅਦ ਪਿੰਡ ਹਾਰਨੀ ਖੁਰਦ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਨੌਜਵਾਨਾਂ ਨੂੰ ਕੇਸ ਦਾੜੀ ਸਾਬਤ ਸੂਰਤ ਸਿੱਖੀ ਸਰੂਪ ਰੱਖਣ ਲਈ ਅਤੇ ਨਾਮ ਸਿਮਰਨ ਕਰਨ ਲਈ ਉਪਦੇਸ਼ ਦਿੱਤਾ। ਸਾਰੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਜਗਜੀਤ ਨਗਰ ਵਿਖੇ ਸ. ਕੁਲਵੰਤ ਸਿੰਘ ਪੁੱਤਰ ਸ. ਬਲਦੇਵ ਸਿੰਘ ਬੇਹੜਵਾਲਾ ਦੇ ਘਰ ਦਰਸ਼ਨ ਦਿੱਤੇ। ਵਾਪਸ ਮਸਤਾਨਗੜ੍ਹ ਆਣ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਭੈਣੀ ਸਾਹਿਬ ਵਾਪਸੀ ਲਈ ਚਾਲੇ ਪਾਏ। ਵਾਇਆਂ ਡੱਬਵਾਲੀ, ਬਠਿੰਡਾ, ਬਰਨਾਲਾ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

.........................................................

## ਬਸੀ ਪਠਾਣਾਂ ਵਿਖੇ ਨਵੇਂ ਘਰ ਅਤੇ ਹੋਰ ਦਾਤਾਂ ਲਈ ਸ਼ੁਕਰਾਨਾਂ ਸਮਾਗਮ

ਸ੍ਰੀ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚ ਪੜ੍ਹੇ ਲਿਖੇ, ਪੂਰਨ ਸ਼ਰਧਾਲੂ, ਪੀੜ੍ਹੀਆਂ ਤੋਂ ਨਾਮਧਾਰੀ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ ਰਿਟਾ. ਲੈਕਚਰਾਰ ਸ. ਕੁਲਜਿੰਦਰ ਸਿੰਘ ਬਾਜਵਾ ਅਤੇ ਰਿਟਾ. ਅਧਿਆਪਕਾ ਬੀਬੀ ਕੁਲਵੰਤ ਕੌਰ ਜੀ ਨੂੰ ਸ੍ਰੀ ਸਤਿਗੁਰੂ ਜੀ ਨੇ ਨਵੇਂ ਘਰ ਦੀ ਦਾਤ ਬਖਸ਼ੀ, ਜਿਸ ਦੇ ਸ਼ੁਕਰਾਨੇ ਲਈ ਸੇਵਕ ਬਾਜਵਾ ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਚਰਨ ਪਾਉਣ ਦੀ ਅਰਜ਼ ਕੀਤੀ, ਅਰਜ਼ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਵੇਂ ਗ੍ਰਹਿ ਵਿਚ ਚਰਨ ਪਾਉਣ ਅਤੇ ਸਮੂਹ ਸੰਗਤਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਪਰਿਵਾਰ ਨੂੰ ਬੇਅੰਤ ਖੁਸ਼ੀਆਂ ਬਖਸ਼ੀਆਂ। ਇਸੇ ਖੁਸ਼ੀ ਅਤੇ ਹੋਰ ਦਾਤਾਂ ਲਈ ਸ੍ਰੀ ਸਤਿਗੁਰੂ ਜੀ ਦੇ ਸ਼ੁਕਰਾਨੇ ਲਈ ਸਮਾਗਮ ਕਰਵਾਇਆ ਗਿਆ। ਜਿਸ ਤਹਿਤ ਮਿਤੀ 11 ਅਪ੍ਰੈਲ 2026 ਨੂੰ ਸ੍ਰੀ ਅਖੰਡ ਪਾਠ ਦੀ ਅਰੰਭਤਾ ਹੋਈ ਅਤੇ 13 ਅਪ੍ਰੈਲ 2026 ਨੂੰ ਭੋਗ ਪਾਏ ਗਏ। ਪੂਰਨ ਨਾਮਧਾਰੀ ਸੋਧ ਮਰਿਯਾਦਾ ਅਤੇ ਸ਼ਰਧਾਪੂਰਵਕ ਹੋਏ ਸ੍ਰੀ ਅਖੰਡ ਪਾਠ ਦੌਰਾਨ ਨਾਮ ਸਿਮਰਨ ਅਤੇ ਗੁਰਬਾਣੀ ਅਨੁਸਾਰ ਕਥਾ ਹੋਈ। ਨਾਮਧਾਰੀ ਮਰਿਯਾਦਾ ਅਨੁਸਾਰ ਹਵਨ ਕੀਤਾ ਗਿਆ।

ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਪ੍ਰਭਾਵਸ਼ਾਲੀ ਦੀਵਾਨ ਲਗਾਇਆ ਅਤੇ ਸੰਗਤਾਂ ਨੂੰ ਲਾਸਾਨੀ ਸਾਕਾ ਸਰਹੰਦ ਅਤੇ ਦਸਮੇਸ਼ ਪਿਤਾ, ਸਰਬੰਸ ਦਾਨੀ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਮੁੱਚੀ ਮਾਨਵਤਾ ਲਈ ਕੀਤੇ ਉਪਕਾਰਾਂ ਬਾਰੇ ਦੱਸਦੇ ਹੋਏ, ਗੁਰਸਿੱਖੀ ਜੀਵਨ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ।

ਸਮੂਹ ਬਾਜਵਾ ਪਰਿਵਾਰ ਦੇ ਪਿਆਰ ਸਤਿਕਾਰ ਨੂੰ ਮੁੱਖ ਰੱਖਦਿਆਂ ਨਾਮਧਾਰੀ ਪੰਥ, ਸਿੱਖ ਬੁੱਧੀਜੀਵੀ, ਖੇਤੀਬਾੜੀ ਵਿਗਿਆਨੀ, ਅਧਿਆਪਕ ਵਰਗ, ਸਥਾਨਕ ਪ੍ਰਤੀਨਿਧ ਅਤੇ ਹੋਰ ਅਨੇਕਾਂ ਸਨਮਾਨ ਯੋਗ ਸ਼ਖ਼ਸੀਅਤਾਂ ਨੇ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਸਾਰੇ ਪ੍ਰੋਗਰਾਮ ਵਿਚ ਡਾ. ਗਗਨਦੀਪ ਸਿੰਘ ਬਾਜਵਾ (ਖੇਤੀਬਾੜੀ ਵਿਗਿਆਨੀ), ਮਾ. ਅਮਰੀਕ ਸਿੰਘ ਵਿਰਕ (ਬੀੜ ਭਮਾਰਸੀ) ਮਾਸਟਰ ਦਰਸ਼ਨ ਸਿੰਘ ਮਾਨਸਾ, ਬੀਬੀ ਪਮਲਪ੍ਰੀਤ ਕੌਰ ਬਾਜਵਾ ਸਾਇੰਸ ਟੀਚਰ ਅਤੇ ਸਮੂਹ ਪਰਿਵਾਰ ਨੇ ਸਮੂਹ ਜੱਥਿਆਂ, ਪ੍ਰਚਾਰਕਾਂ ਅਤੇ ਸਮੂਹ ਸੰਗਤਾਂ ਦੀ ਸ਼ਰਧਾ ਪੂਰਵਕ ਸੇਵਾ ਕੀਤੀ। ਪਰਿਵਾਰ ਵਲੋਂ ਇਸ ਸ਼ੁਕਰਾਨਾ ਸਮਾਗਮ ਦੌਰਾਨ ਸ਼ਮੂਲੀਅਤ ਕਰਨ ਵਾਲੀਆਂ ਸਮੂਹ ਸੰਗਤਾਂ ਦਾ ਧੰਨਵਾਦ ਸ. ਜਗਮੋਹਨ ਸਿੰਘ ਕੰਗ ਟਮਕੌਦੀ ਨੇ ਕੀਤਾ।

**ਤੇਜਿੰਦਰ ਸਿੰਘ ਲਾਡੀ ਵਿਰਕ ਬੀੜਭਮਾਰਸੀ**

.........................................................

## ਜੰਗੇ ਅਜ਼ਾਦੀ ਦੇ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸੁਰਗਵਾਸ

ਜੰਗੇ ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿੱਚ ਲੰਮਾ ਸਮਾਂ ਹਿਊਮੈਨੇਟੀਜ਼ ਦੇ ਪ੍ਰੋਫੈਸਰ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਪਿਛਲੇ ਦਿਨੀਂ ਸਾਕੇਤੜੀ (ਪੰਚਕੂਲਾ) ਵਿਖੇ ਦੇਹਾਂਤ ਹੋ ਗਿਆ। ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਆਪਣਾ 96ਵਾਂ ਜਨਮ ਦਿਨ ਮਨਾਇਆ ਸੀ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਪਰਿਵਾਰ ਲੱਧੇਵਾਲਾ ਵੜੈਚ (ਗੁੱਜਰਾਂਵਾਲਾ) ਤੋਂ ਦੇਸ਼ ਵੰਡ ਵੇਲੇ ਇੱਧਰ ਆ ਕੇ ਪਹਿਲਾਂ ਕਪੂਰਥਲਾ ਤੇ ਮਗਰੋਂ ਪੱਕੇ ਤੌਰ 'ਤੇ ਪਿੰਡ ਰਾਵਰ (ਕਰਨਾਲ) ਵਿੱਚ ਵੱਸਿਆ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੀਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚ ਪੜ੍ਹਾਉਂਦੇ ਰਹੇ। ਵਿਦਿਆਰਥੀਆਂ ਵਿੱਚ ਦੇਸ਼ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸ਼ਾਸਨ ਤੇ ਭਾਈਚਾਰਕ ਸ਼ਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ਼ ਰਿਹਾ। ਉਮਰ ਦੇ ਆਖਰੀ ਦੋ-ਤਿੰਨ ਸਾਲ ਛੱਡ ਕੇ ਉਹ ਰੋਜ਼ਾਨਾ ਖੇਡ ਮੈਦਾਨ ਜਾਂ ਸੁਖਨਾ ਲੇਕ ਦੇ ਕੰਢੇ ਸਵੇਰਸਾਰ ਦੌੜਦੇ ਰਹੇ। ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਬਾਬਾ ਹਰਨਾਮ ਸਿੰਘ ਕਾਲਾ ਸੰਘਿਆ, ਬਾਬਾ ਸੱਜਣ ਸਿੰਘ ਨਾਰੰਗਵਾਲ, ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿੱਦਿਆਵਤੀ ਜੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀ ਸੰਗਤ ਮਾਣੀ। ਜਲੰਧਰ ਵਿੱਚ ਆਪਣੇ ਸਾਥੀ ਸਹਿਯੋਗੀਆਂ ਤੇ ਵਿਸ਼ਵਾਸਪਾਤਰਾਂ ਦੀ ਸੰਗਤ ਨਾਲ ਉਨ੍ਹਾਂ ਯੁਵਕ ਕੇਂਦਰ ਦੀ ਸਥਾਪਨਾ ਕਰਕੇ ਪੂਰੇ ਪੰਜਾਬ ਵਿੱਚ ਸ਼ਹੀਦਾਂ ਵਿਰਾਸਤ ਚੇਤਨਾ ਦਾ ਪਰਚਮ ਲਹਿਰਾਇਆ। ਆਪਣੇ ਪਿੱਛੇ ਉਹ ਆਪਣੀ ਇਕਲੌਤੀ ਬੇਟੀ ਡਾ. ਵੜੈਚ ਤੇ ਉਸ ਦੇ ਪਰਿਵਾਰ ਤੋਂ ਇਲਾਵਾ ਵਿਸ਼ਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਹਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਵਿਦਿਆਰਥੀਆਂ ਵਿੱਚੋਂ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ, ਪ੍ਰਿੰਸੀਪਲ ਮ ਸ. ਪਰਮਾਰ, ਮਿਹਰ ਚੰਦ ਭਾਰਦਵਾਜ ਤੋਂ ਇਲਾਵਾ ਸਾਹਿਤ ਖੇਤਰ ਵਿੱਚ ਅਜਮੇਰ ਰੋਡੇ, ਦਰਸ਼ਨ ਨੱਤ, ਉਜਾਗਰ ਸਿੰਘ ਕੰਵਲ, ਅਮੋਲਕ ਸਿੰਘ, ਅਜਮੇਰ ਸਿੰਘ, ਸੁਰਿੰਦਰ ਧੰਜਲ, ਕੰਵਲਜੀਤ ਸਿੰਘ ਢੁੱਡੀਕੇ,



ਜਸਵੰਤ ਜਫ਼ਰ, ਗੁਰਿੰਦਰਜੀਤ ਤੇ ਪਰਮਜੀਤ ਧਾਲੀਵਾਲ ਨੇ ਚੰਗਾ ਨਾਮਣਾ ਖੱਟਿਆ। ਪੰਜਾਬ ਰਾਜ ਬਿਜਲੀ ਬੋਰਡ ਦੇ ਹੁਣੇ ਸੇਵਾਮੁਕਤ ਹੋਏ ਚੇਅਰਮੈਨ ਸ. ਬਲਦੇਵ ਸਿੰਘ ਸਰਾਂ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਬਾਨੀ ਵਾਈਸ ਚਾਂਸਲਰ ਡਾ. ਦਿਲਬਾਗ ਸਿੰਘ ਹੀਰਾ ਤੇ ਮਾਨਸਾ ਦੇ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੀ ਉਨ੍ਹਾਂ ਦੇ ਵਿਦਿਆਰਥੀ ਸਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ 1989 ਵਿੱਚ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਲਾਅ ਦੀ ਪੜ੍ਹਾਈ ਕਰਕੇ ਆਪਣੇ ਭਾਣਜੇ ਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰ. ਸ. ਚੀਮਾ ਨਾਲ ਕੁਝ ਸਮਾਂ ਵਕਾਲਤ ਵੀ ਕੀਤੀ। ਦੇਸ਼ ਭਗਤ ਲਹਿਰਾਂ ਦੇ ਸੂਰਮਿਆਂ ਦੀਆਂ ਸਰਕਾਰ ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਵੀ ਵਾਪਸ ਕਰਵਾਈਆਂ। ਉਨ੍ਹਾਂ ਵੱਲੋਂ ਲਿਖੀਆਂ ਖੋਜ ਪੁਸਤਕਾਂ ਦੀ ਗਿਣਤੀ ਤੀਹ ਤੋਂ ਵੱਧ ਹੈ। ਪਹਿਲੇ ਤੇ ਦੂਜੇ ਲਾਹੌਰ ਸਾਜ਼ਿਸ਼ ਕੇਸ ਦੀ ਜੱਜਮੈਂਟ ਨੂੰ ਵੀ ਹਰੀਸ਼ ਜੈਨ ਨਾਲ ਮਿਲ ਕੇ ਸੰਪਾਦਿਤ ਕੀਤਾ ਤੇ ਛਪਵਾਇਆ। ਪ੍ਰੋ. ਮਲਵਿੰਦਰਜੀਤ ਸਿੰਘ ਨੇ ਸਰਾਭਾ ਪਿੰਡ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਹਸਪਤਾਲ ਤੇ ਮੈਡੀਕਲ ਕਾਲਜ ਖੁਲ੍ਹਵਾਉਣ ਵਿੱਚ ਮੁੱਢਲਾ ਯੋਗਦਾਨ ਪਾਇਆ ਅਤੇ ਸ. ਸੁਖਦੇਵ ਸਿੰਘ ਸਰਾਭਾ ਤੇ ਮਿਹਰਚੰਦ ਭਾਰਦਵਾਜ ਨਾਲ ਮਿਲ ਕੇ ਵਿਦੇਸ਼ਾਂ ਵਿੱਚ ਵੱਸਦੇ ਵਿਦਿਆਰਥੀਆਂ ਦੀ ਮੱਦਦ ਨਾਲ ਵੱਡਾ ਫੰਡ ਇਕੱਠਾ ਕਰਕੇ ਦਿੱਤਾ। ਮਾਲੇਰਕੋਟਲਾ ਵਿੱਚ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਕੀਤੇ 66 ਕੂਕਿਆਂ ਦੀ ਪਿੰਡਾਂ ਸਮੇਤ ਸੂਚੀ ਵੀ ਪ੍ਰੋ. ਵੜੈਚ ਨੇ ਤਿਆਰ ਕਰਕੇ ਨਾਮਧਾਰੀ ਪੰਥ ਨੂੰ ਸੌਂਪੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪੀ ਆਈ ਐਲ ਦਾਇਰ ਕਰਕੇ ਨਾਮਧਾਰੀ ਕੂਕਾ ਲਹਿਰ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਅਜ਼ਾਦੀ ਸੰਗਰਾਮ ਦਾ ਹਿੱਸਾ ਬਣਾਉਣ ਲਈ ਲੰਬੀ ਕਨੂੰਨੀ ਲੜਾਈ ਲੜੀ ਅਤੇ ਮਾਨਤਾ ਦੁਆਈ। ਗ਼ਦਰ ਲਹਿਰ ਨੂੰ ਅਜ਼ਾਦੀ ਸੰਗਰਾਮ ਦੀਆਂ ਲਹਿਰਾਂ ਵਿਚ ਚਦਰ ਲਹਿਰ ਲਿਖਿਆ ਹੋਇਆ ਸੀ ਜਿਸ ਬਾਰੇ ਸਰਕਾਰ ਨੂੰ ਕਈ ਚਿੱਠੀਆਂ ਲਿਖੀਆਂ। ਫਿਰ ਇਸ ਵਿਚ ਵੀ ਸੋਧ ਅਦਾਲਤ ਵਿੱਚ ਕੇਸ ਕਰਕੇ ਕਰਵਾਈ ਸੀ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਦੀ ਨਿਲਾਮ ਕੀਤੀ ਜ਼ਮੀਨ ਦੇ ਮੁਆਵਜ਼ੇ ਲਈ ਸਰਕਾਰੀ ਤੰਤਰ ਵੱਲੋਂ ਨਾਂਹ ਪੱਖੀ ਰਵੱਈਆ ਅਪਣਾਉਣ ਤੇ ਪੰਜਾਬ ਅਤੇ

ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਰਾਹੀਂ ਨਾ ਸਿਰਫ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਦੇ ਪੋਤਰਿਆਂ ਨੂੰ 35 ਲੱਖ ਰੁਪਏ ਮੁਆਵਜ਼ਾ ਦੁਆਇਆ ਸਗੋਂ ਆਪਣੀਆਂ ਦਲੀਲਾਂ ਨਾਲ ਜੱਜਾਂ ਨੂੰ ਐਨਾ ਕਾਇਲ ਕੀਤਾ ਕਿ ਉਨ੍ਹਾਂ ਨੇ ਆਜ਼ਾਦੀ ਸੰਗਰਾਮ ਦੀ ਕਿਸੇ ਵੀ ਲਹਿਰ ਦੇ ਦੇਸ਼ ਭਗਤ ਦੀ ਜ਼ਬਤ/ਨਿਲਾਮ ਹੋਈ ਜ਼ਮੀਨ ਵਾਰਸਾਂ ਨੂੰ ਮੋੜਨ ਜਾਂ ਮੌਜੂਦਾ ਭਾਅ ਬਰਾਬਰ ਮੁਆਵਜ਼ਾ ਦੇਣ ਦਾ ਹੁਕਮ ਸੁਣਾਇਆ ਸੀ। ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਲਿਖੀਆਂ/ ਅਨੁਵਾਦਿਤ /ਸੰਪਾਦਤ 62 ਕਿਤਾਬਾਂ ਹਨ ਅਤੇ ਹੋਰ 5 ਕਿਤਾਬਾਂ ਦੀ ਪੀ.ਡੀ.ਐਫ ਪਾਠਕਾਂ ਨੂੰ ਵੰਡ ਗਏ ਹਨ। ਇਨਕਲਾਬੀ ਦੇਸ਼ ਭਗਤਾਂ ਬਾਰੇ ਲਿਖਣ ਵਾਲੇ ਲੇਖਕਾਂ ਨੂੰ ਉਹ ਆਪਣੇ ਖਜ਼ਾਨੇ ਵਿੱਚ ਦਸਤਾਵੇਜ਼ ਫੋਟੋ ਕਾਪੀਆਂ ਕਰਵਾ ਕੇ ਬੜੇ ਚਾਅ ਨਾਲ਼ ਭੇਜਦੇ ਸਨ।ਅਜ਼ਾਦੀ ਸੰਗਰਾਮ ਦੀਆਂ ਲਹਿਰਾਂ ਦੀ ਜਾਣਕਾਰੀ ਦੇ 41 ਵੱਡ ਅਕਾਰੀ ਪੈਨਲ ਨੈਸ਼ਨਲ ਗੈਲਰੀ ਆਫ਼ ਪੋਰਟਰੇਟ 17 ਸੈਕਟਰ ਚੰਡੀਗੜ੍ਹ ਵਿੱਚ ਬਣਾਉਣ ਦੀ ਪ੍ਰਮੁੱਖ ਭੂਮਿਕਾ ਅਦਾ ਕੀਤੀ। ਆਪਣੇ 52 ਸਾਲਾਂ ਦੇ ਖੋਜੀ ਜੀਵਨ ਦੌਰਾਨ ਇਨਕਲਾਬੀ ਦੇਸ਼ ਭਗਤਾਂ ਨਾਲ ਸਬੰਧਤ ਹਜ਼ਾਰਾਂ ਦਸਤਾਵੇਜ਼, ਬੇਸ਼ਕੀਮਤੀ ਕਿਤਾਬਾਂ ਤੇ ਗ਼ਦਰੀ ਬਾਬਿਆਂ ਦੀਆਂ ਨਿੱਜੀ ਵਸਤਾਂ ਉਹ ਆਪਣੇ ਸਭ ਤੋਂ ਪਿਆਰੇ ਸ਼ਾਗਿਰਦ ਸੀਤਾ ਰਾਮ ਬਾਂਸਲ ਅਤੇ ਉਨ੍ਹਾਂ ਦੀ ਜੀਵਨ ਸਾਥਣ ਬਲਵਿੰਦਰ ਕੌਰ ਬਾਂਸਲ ਨੂੰ ਸੌਂਪ ਗਏ ਹਨ। ਬਾਂਸਲ ਜੋੜੀ ਨੇ ਇਹ ਦਸਤਾਵੇਜ਼ ਅਤੇ ਕਿਤਾਬਾਂ ਖੋਜੀਆਂ ਦੀ ਸਹੂਲਤ ਲਈ ਆਪਣੇ ਜਲੰਧਰ ਸ਼ਹਿਰ ਵਿਚਲੇ ਆਪਣੇ ਘਰ ਵਿਚ 'ਪ੍ਰੋਫੈਸਰ ਮਲਵਿੰਦਰ ਜੀਤ ਸਿੰਘ ਵੜੈਚ ਰੈਵੋਲਿਊਸ਼ਨਰੀ ਰਿਚਰਚ ਸੈਂਟਰ' ਵਿਚ ਰੱਖੇ ਹੋਏ ਹਨ। ਸਾਡੇ ਪਰਿਵਾਰ ਲਈ ਇਹ ਨਿੱਜੀ ਘਾਟਾ ਹੈ ਕਿਉਂਕਿ ਉਹ ਮੇਰੇ ਸਭ ਤੋਂ ਵੱਡੇ ਭੂਆ ਜੀ ਦੇ ਵਿਚਕਾਰਲੇ ਸਪੁੱਤਰ ਸਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਭਾਣਜੇ ਸ. ਰ. ਸ. ਚੀਮਾ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਇੱਛਾ ਅਨੁਸਾਰ ਮ੍ਰਿਤਕ ਦੇਹ ਪੀਜੀਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ ਹੈ।

**ਗੁਰਭਜਨ ਸਿੰਘ ਗਿੱਲ**

........................................................

**ਸਤਿਜੁਗ ਸਹਾਇਤਾ**

**ਸ. ਕੁਲਜਿੰਦਰ ਸਿੰਘ ਬਾਜਵਾ ਬਸੀ ਪਠਾਣਾ ਫਤਹਿਗੜ੍ਹ ਸਾਹਿਬ 1100/-**

**ਮਾਸਟਰ ਜਗਮੋਹਣ ਸਿੰਘ ਕੰਗ ਟਮਕੌਦੀ -1100/-**

## ਮਲਵਿੰਦਰ ਜੀਤ ਸਿੰਘ ਵੜੈਚ ਨੂੰ ਸ਼ਰਧਾਂਜਲੀ

**ਪ੍ਰਸਿੱਧ ਇਤਿਹਾਸਕਾਰ ਮਲਵਿੰਦਰ ਜੀਤ ਸਿੰਘ ਵੜੈਚ ਦੇ ਵਿਛੋੜੇ ਨਾਲ ਇਤਿਹਾਸਕ ਅਤੇ ਬੌਧਿਕ ਜਗਤ ਨੂੰ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਿਆ ਹੈ। ਆਪ ਜੀ ਨੇ ਪੰਜਾਬ ਵਿੱਚ ਚੱਲਣ ਵਾਲੀਆਂ ਦੇਸ਼-ਆਜ਼ਾਦੀ ਦੀਆਂ ਲਹਿਰਾਂ ਦੇ ਅਣਗੌਲੇ ਪੱਖਾਂ ਅਤੇ ਦਸਤਾਵੇਜ਼ਾਂ ਨੂੰ ਖੋਜ ਕੇ, ਪੜਤਾਲ ਕਰਕੇ ਪਾਠਕਾਂ ਤੱਕ ਪਹੁੰਚਾਉਣ ਦਾ ਮਹਾਨ ਕਾਰਜ ਕੀਤਾ। ਨਾਮਧਾਰੀ ਲਹਿਰ ਦੇ ਮਲੇਰਕੋਟਲੇ ਵਾਲੇ ਸ਼ਹੀਦਾਂ ਦੀ ਸੰਪੂਰਨ ਸੂਚੀ ਲੰਬੇ ਸਮੇਂ ਤੱਕ ਉਪਲਬਧ ਨਹੀਂ ਸੀ। ਇਸ ਇਤਿਹਾਸਕ ਕਾਰਜ ਨੂੰ ਸੰਪੂਰਨ ਕਰਨ ਵਿੱਚ ਵੜੈਚ ਸਾਹਿਬ ਨੇ ਅਹਿਮ ਭੂਮਿਕਾ ਨਿਭਾਈ। ਜਦੋਂ ਆਪ ਜੀ ਨੇ 2014 ਵਿੱਚ ਲੇਖਕ ਨਾਹਰ ਐੱਮ.ਏ. ਦੀ ਪੁਸਤਕ ਨਾਮਧਾਰੀ ਇਤਿਹਾਸ ਭਾਗ ਪਹਿਲਾ ਦੀ ਸੰਪਾਦਨਾ ਕੀਤੀ ਤਾਂ ਆਪਣੀ ਭੂਮਿਕਾ ਵਿੱਚ ਲਿਖਿਆ ਕਿ "1999 ਵਿੱਚ ਨਾਮਧਾਰੀ ਦਰਬਾਰ ਵੱਲੋਂ ਮਿਲੇ ਤਰਨ ਸਿੰਘ ਵਹਿਮੀ ਸਨਮਾਨ ਪ੍ਰਾਪਤ ਕਰਨ ਸਮੇਂ ਮੈਂ ਸੰਗਤ ਨੂੰ ਸੰਬੋਧਨ ਕਰਦਿਆਂ ਇਹ ਗਿਲਾ ਕੀਤਾ ਸੀ ਕਿ ਐਨੀ ਮਹਾਨ ਕੁਰਬਾਨੀ ਵਾਲੇ ਮਲੇਰਕੋਟਲੇ ਦੇ ਸ਼ਹੀਦਾਂ ਦੀ ਕੋਈ ਟਕਸਾਲੀ ਸੂਚੀ ਉਪਲਬਧ ਨਹੀਂ।" ਉਸ ਵੇਲੇ ਸਤਿਗੁਰ ਜੀ ਨੇ ਫਰਮਾਇਆ "ਇਹ ਤੁਸੀਂ ਹੀ ਬਣਾਉਣੀ ਹੈ। ਪ੍ਰੋ. ਵੜੈਚ ਲਿਖਦੇ ਹਨ ਕਿ ਇਸ ਉਪਰੰਤ ਉਹਨਾਂ ਨੇ ਦੁਬਾਰਾ ਸਾਰੇ ਰਿਕਾਰਡ ਖੰਗਾਲੇ ਅਤੇ ਪਟਿਆਲੇ ਦੇ ਰਿਆਸਤੀ ਮਿਸਲਖਾਨੇ ਵਿੱਚੋਂ ਇਹ ਅਹਿਮ ਸੂਚੀ ਪ੍ਰਾਪਤ ਕੀਤੀ। ਆਪ ਜੀ ਨੇ ਸਰਦਾਰ ਸੁਵਰਨ ਸਿੰਘ ਵਿਰਕ ਦੀ ਪੁਸਤਕ "ਕੂਕਾ ਲਹਿਰ ਅਤੇ ਅਮਰ ਨਾਇਕ" ਦੀ ਭੂਮਿਕਾ ਵੀ ਲਿਖੀ, ਜਿਸ ਵਿੱਚ ਦੇਸ਼ ਦੀ ਆਜ਼ਾਦੀ ਅੰਦਰ ਕੂਕਾ ਲਹਿਰ ਦੀ ਅਹਿਮ ਯੋਗਦਾਨ ਨੂੰ ਉਜਾਗਰ ਕੀਤਾ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਰ ਕਮਲਾਂ ਤੋਂ ਆਪ ਜੀ ਨੂੰ "ਸ਼੍ਰੋਮਣੀ ਇਤਿਹਾਸਕਾਰ" ਸਨਮਾਨ ਨਾਲ ਵੀ ਨਿਵਾਜਿਆ ਗਿਆ। ਨਾਮਧਾਰੀ ਦਰਬਾਰ ਇਸ ਸੁਖਨਵਾਰ, ਖੋਜੀ ਵਿਦਵਾਨ ਅਤੇ ਇਤਿਹਾਸਕਾਰ ਦੇ ਅਕਾਲ ਚਲਾਣੇ 'ਤੇ ਗਹਿਰਾ ਦੁੱਖ ਪ੍ਰਗਟ ਕਰਦਾ ਹੈ। ਅਕਾਲ ਪੁਰਖ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ, ਸਨੇਹੀਆਂ ਤੇ ਚਾਹੁਣ ਵਾਲਿਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।**

**ਸੰਪਾਦਕ**

## ਰਵਾਲਸਰ, ਮੰਡੀ ਹਿਮਾਚਲ ਦਾ ਦੌਰਾ
## 11 ਤੋਂ 13 ਮਈ 2026



Date of Publication: 21 May 2026
Date of Posting: 23 May 2026

RNI NO.55658/93
LDM/008/2021-2023



# ਸ਼ਹੀਦ ਸੂਬਾ ਸਹਿਬ ਸਿੰਘ ਜੀ

(1834-10 ਜੂਨ 1879)

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.